SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

सत्यमेव जयते

ਲੇਖਿਆਂ ਦੀ ਇੱਕ ਝਲਕ

ਸਾਲ 2023-24

ਪੰਜਾਬ ਸਰਕਾਰ



ਲੇਖਿਆਂ ਦੀ ਇੱਕ ਝਲਕ

ਸਾਲ 2023-24

ਮਹਾਲੇਖਾਕਾਰ
(ਲੇਖਾ ਅਤੇ ਹੱਕਦਾਰੀ)
ਪੰਜਾਬ

ਪੰਜਾਬ ਸਰਕਾਰ

ਪ੍ਰਸਤਾਵਨਾ

ਮੈਨੂੰ ਪੰਜਾਬ ਸਰਕਾਰ ਦੇ ਲੇਖਿਆਂ ਦੀ ਇੱਕ ਝਲਕ ਦੇ ਸਲਾਨਾ ਪ੍ਰਕਾਸ਼ਨ ਦਾ **ਛੱਬੀਵਾਂ** ਅੰਕ ਪੇਸ਼ ਕਰਨ ਦੀ ਪ੍ਰਸੰਨਤਾ ਹੋ ਰਹੀ ਹੈ। ਇਸ ਪ੍ਰਕਾਸ਼ਨ ਦਾ ਮਨੋਰਥ ਮੇਰੇ ਦਫਤਰ ਵਲੋਂ ਭਾਰਤ ਦੇ ਸੰਵਿਧਾਨ ਦੀ ਧਾਰਾ 149, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ (ਡੀ ਪੀ ਸੀ) ਅਧਿਨਿਯਮ, 1971 ਦੀ ਧਾਰਾ 11 ਦੇ ਮੁਤਾਬਿਕ ਤਿਆਰ ਕੀਤੇ ਗਏ ਵਿੱਤੀ ਲੇਖਿਆਂ ਅਤੇ ਨਮਿੱਤਣ ਲੇਖਿਆਂ ਵਿੱਚ ਉਪਲਬੱਧ ਵਿਸਤ੍ਰਿਤ ਜਾਣਕਾਰੀ ਦਾ ਇੱਕ ਪਾਠਕ ਹਿਤੈਸ਼ੀ ਸਾਰ ਪੇਸ਼ ਕਰਨਾ ਹੈ।

ਰਾਜ ਦੇ ਸਲਾਨਾ ਲੇਖੇ (1) ਵਿੱਤ ਲੇਖੇ ਅਤੇ (2) ਨਮਿੱਤਣ ਲੇਖੇ ਵਿੱਚ ਵੰਡੇ ਹੁੰਦੇ ਹਨ। ਵਿੱਤ ਲੇਖੇ ਸਮੇਕਿਤ ਨਿਧੀ, ਅਚੇਤ ਨਿਧੀ ਅਤੇ ਸਾਰਵਜਨਿਕ ਲੇਖਿਆਂ ਦਾ ਸਾਰ ਹੈ। ਨਮਿੱਤਣ ਲੇਖੇ ਵਿੱਚ ਰਾਜ ਵਿਧਾਨ ਸਭਾ ਦੁਆਰਾ ਅਨੁਦਾਨ ਦੇ ਲਿਹਾਜ਼ ਵਲੋਂ ਪ੍ਰਸਤਾਵਿਤ ਖਰਚ ਦਰਜ਼ ਹੁੰਦਾ ਹੈ ਅਤੇ ਅਸਲ ਖਰਚ ਅਤੇ ਪ੍ਰਦਾਨ ਕੀਤੀ ਗਈ ਧਨਰਾਸ਼ੀ ਵਿੱਚ ਬਦਲਾਵ ਦਾ ਸਪਸ਼ਟੀਕਰਨ ਹੁੰਦਾ ਹੈ।

'ਲੇਖਿਆਂ ਦੀ ਇੱਕ ਝਲਕ' ਸਰਕਾਰੀ ਗਤੀਵਿਧੀਆਂ ਦਾ ਵਿਆਪਕ ਸੰਕੇਪ ਪੇਸ਼ ਕਰਦਾ ਹੈ ਜਿਵੇ ਕਿ ਵਿੱਤ ਲੇਖੇ ਅਤੇ ਨਮਿੱਤਣ ਲੇਖੇ ਵਿੱਚ ਦਰਸ਼ਾਇਆ ਹੁੰਦਾ ਹੈ। ਇਹ ਜਾਣਕਾਰੀ ਸੰਖੇਪ ਵਿਆਖਿਆਵਾਂ, ਵੇਰਵਾ ਪੱਤਰਾਂ, ਗ੍ਰਾਫ ਅਤੇ ਸਮਾਂ ਸੂਚੀ ਵਿਸ਼ਲੇਸ਼ਣ ਦੁਆਰਾ ਪੇਸ਼ ਕੀਤੀ ਜਾਂਦੀ ਹੈ ਜੋ ਕਿ ਹਿਤਧਾਰਕਾਂ–ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਲੇਖਿਆਂ ਦੀ ਜਾਣਕਾਰੀ ਦਿੰਦੀ ਹੈ। ਸਾਲ 2023-24 ਦੇ ਵਿੱਤ ਲੇਖੇ, ਨਮਿੱਤਣ ਲੇਖੇ, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ ਦੀ ਰਾਜ ਲੇਖਿਆਂ ਤੇ ਰਿਪੋਰਟ ਅਤੇ ਲੇਖਿਆਂ ਦੀ ਇੱਕ ਝਲਕ ਨੂੰ ਪੜਨ ਤੇ ਹਿਤਧਾਰਕਾਂ ਨੂੰ ਰਾਜ ਵਿੱਤ ਦੇ ਵੱਖਰੇ ਪਹਿਲੂਆਂ ਨੂੰ ਜ਼ਿਆਦਾ ਪਰਭਾਵੀ ਢੰਗ ਨਾਲ ਸਮਝਣ ਲਈ ਮਦਦ ਕਰਨਗੇ।

ਅਸੀਂ ਇਸ ਪ੍ਰਕਾਸ਼ਨ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰਨ ਵਾਲੇ ਪਾਠਕਾਂ ਦੀ ਰਾਏ ਦੀ ਕਦਰ ਕਰਦੇ ਹਾਂ।

ਮਿਤੀ : 06 ਨਵੰਬਰ 2024
ਚੰਡੀਗੜ੍ਹ

ਤੇਗ ਸਿੰਘ
ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ)
ਪੰਜਾਬ

ਸਾਡੀ ਦੂਰ ਦ੍ਰਿਸ਼ਟੀ, ਉਦੇਸ਼ ਅਤੇ ਬੁਨਿਆਦੀ ਮੁੱਲ

ਦੂਰ ਦ੍ਰਿਸ਼ਟੀ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਸੰਸਥਾ ਦੀ ਦੂਰ-ਦ੍ਰਿਸ਼ਟੀ ਉਸ ਮਨੋਰਥ ਦਾ ਪ੍ਰਗਟਾਵਾ ਕਰਦੀ ਹੈ ਜੋ ਅਸੀਂ ਬਣਨ ਦੀ ਅਕਾਂਕਸਾਂ ਰੱਖਦੇ ਹਾਂ।

ਅਸੀਂ ਵਿਸ਼ਵ ਵਿਆਪੀ ਆਗੂ ਅਤੇ ਸਰਕਾਰੀ ਖੇਤਰ ਦੀ ਲੇਖਾ ਪ੍ਰੀਖਿਆ ਅਤੇ ਲੇਖੇ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਉੱਤਮ ਪੱਧਤੀ ਦੇ ਮੋਢੀ ਬਣਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸਾਡੀ ਪਛਾਣ ਸੁਤੰਤਰ, ਪ੍ਰਮਾਣਕ, ਸੰਤੁਲਿਤ, ਲੋਕ ਵਿੱਤ ਅਤੇ ਸ਼ਾਸ਼ਨ ਤੇ ਸਮੇਂ ਨਾਲ ਰਿਪੋਰਟ ਕਰਨ ਵਜੋਂ ਬਣ ਚੁੱਕੀ ਹੈ।

ਉਦੇਸ਼

ਸਾਡਾ ਉਦੇਸ਼ ਸਾਡੀ ਅਜ ਦੀ ਭੂਮਿਕਾ ਨੂੰ ਸਪੱਸ਼ਟ ਕਰਦਾ ਹੈ ਅਤੇ ਪ੍ਰਗਟਾਉਂਦਾ ਹੈ ਕਿ ਅੱਜ ਅਸੀਂ ਕੀ ਕਰ ਰਹੇ ਹਾਂ।

ਭਾਰਤ ਦੇ ਸੰਵਿਧਾਨ ਵਲੋਂ ਸਪੁਰਦ ਆਦੇਸ਼ ਦੇ ਮੁਤਾਬਿਕ, ਅਸੀਂ ਉੱਚ ਗੁਣਵੱਤਾ ਦੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਰਾਹੀਂ ਜਵਾਬਦੇਈ, ਪਾਰਦਰਸ਼ਤਾ ਅਤੇ ਸੁਚਾਰੂ ਸਾਸ਼ਨ ਨੂੰ ਵਧਾਵਾ ਦਿੰਦੇ ਹਾਂ ਅਤੇ ਆਪਣੇ ਹਿਤਧਾਰਕਾਂ- ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਸੰਤਤਰ ਭਰੋਸਾ ਪ੍ਰਦਾਨ ਕਰਦੇ ਹਾਂ ਕਿ ਸਰਕਾਰੀ ਫੰਡਾਂ ਦੀ ਵਰਤੋਂ ਕੁੱਸ਼ਲਤਾ ਅਤੇ ਤਜ਼ਵੀਜ਼ਤ ਮਨੋਰਥਾਂ ਲਈ ਹੀ ਕੀਤੀ ਜਾ ਰਹੀ ਹੈ।

ਬੁਨਿਆਦੀ ਮੁੱਲ

ਸਾਡੇ ਬੁਨਿਆਦੀ ਮੁੱਲ ਸਾਡੇ ਸਾਰੇ ਕੰਮਾਂ ਲਈ ਮਾਰਗਦਰਸ਼ਕ ਹਨ ਅਤੇ ਸਾਡੇ ਨਿਸ਼ਪਾਦਨ ਦਾ ਆਕਲਨ ਕਰਨ ਲਈ ਮਾਣਕ ਦਿੰਦੇ ਹਨ।

- ਸੁਤੰਤਰਤਾ
- ਵਾਸਤਵਿਕਤਾ
- ਇਮਾਨਦਾਰੀ
- ਭਰੋਸੇਯੋਗਤਾ
- ਪੇਸ਼ਾਵਰ ਸ੍ਰੇਸ਼ਟਤਾ
- ਪਾਰਦਰਸ਼ਤਾ
- ਸਕਾਰਾਤਮਕ ਦ੍ਰਿਸ਼ਟੀਕੋਣ

ਵਿਸ਼ਾ ਸੂਚੀ

		ਪੰਨਾ ਨੰ :
ਅਧਿਆਇ I	**ਉਵਰਵਿਊ**	
1.1	ਭੂਮਿਕਾ	1
1.2	ਸਰਕਾਰੀ ਲੇਖਿਆਂ ਦਾ ਢਾਂਚਾ	2
1.3	ਵਿਤ ਲੇਖੇ ਅਤੇ ਨਮਿਤਣ ਲੇਖੇ	4
1.4	ਫੰਡਾਂ ਦੇ ਸਰੋਤ ਅਤੇ ਵਰਤੋਂ	6
1.5	ਘਾਟਾ ਅਤੇ ਵਾਧਾ	9
ਅਧਿਆਇ II	**ਪ੍ਰਾਪਤੀਆਂ**	
2.1	ਭੂਮਿਕਾ	12
2.2	ਮਾਲੀਆਂ ਪ੍ਰਾਪਤੀਆਂ	12
2.3	ਕਰ ਆਮਦਨ	14
2.4	ਕਰ ਵਸੂਲੀ ਦੀ ਕਾਰਜਕੁਸ਼ਲਤਾ	16
2.5	ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਣ	16
2.6	ਅਨੁਦਾਨ ਸਹਾਇਤਾ	17
2.7	ਸਾਰਵਜਨਿਕ ਕਰਜੇ	18
ਅਧਿਆਇ III	**ਖਰਚੇ**	
3.1	ਭੂਮਿਕਾ	20
3.2	ਮਾਲੀਆ ਖਰਚੇ	20
3.3	ਪੂੰਜੀਗਤ ਖਰਚੇ	22
3.4	ਬਚਨਬੱਧ ਖਰਚੇ	23
ਅਧਿਆਇ IV	**ਨਮਿਤੱਣ ਲੇਖੇ**	
4.1	ਨਮਿਤੱਣ ਲੇਖੇ 2023-24 ਦਾ ਸਾਰ	25
4.2	ਪਿਛਲੇ ਪੰਜ ਸਾਲਾਂ ਦੌਰਾਨ ਬੱਚਤਾਂ/ਵਧੀਕਾਂ ਦਾ ਰੁਝਾਣ	25
4.3	ਮਹਤੱਵਪੂਰਨ ਬੱਚਤਾਂ	26

ਪੰਨਾ ਨੰ :

ਅਧਿਆਇ V	ਸੰਪਦਾ ਅਤੇ ਦੇਣਦਾਰੀਆਂ	
5.1	ਸੰਪਦਾ	27
5.2	ਕਰਜ਼ੇ ਅਤੇ ਦੇਣਦਾਰੀਆਂ	28
5.3	ਗਰੰਟੀਆਂ	29
ਅਧਿਆਇ VI	ਹੋਰ ਮੱਦਾਂ	
6.1	ਵਸਤੂ ਅਤੇ ਸੇਵਾ ਟੈਕਸ (GST)	30
6.2	ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ	30
6.3	ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਲਈ ਬਕਾਇਆ ਵਰਤੋਂ ਸਰਟੀਫੀਕੇਟ	31
6.4	ਸਮੇਕਿਤ ਕਰਜ਼ ਭੁਗਤਾਨ ਫੰਡ.....	31
6.5	ਗਰੰਟੀ ਰਿਡੰਮਪਸ਼ਨ ਫੰਡ.....	31
6.6	ਵਿਭਾਗੀ ਅਫਸਰਾਂ ਕੋਲ ਨਕਦ	32
6.7	ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀ ਦੇਣਾ.....	32
6.8	ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ	32
6.9	ਲੇਖਿਆਂ ਦਾ ਮਿਲਾਨ.....	32
6.10	ਨੈਸ਼ਨਲ ਪੈਨਸ਼ਨ ਸਿਸਟਮ (NPS).....	32
6.11	ਰਾਜ ਮੁਆਵਜਾ ਵਣਨ ਫੰਡ.....	33
6.12	ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਸੈਸ	33
6.13	ਰਾਜ ਸਰਕਾਰ ਦੀਆਂ ਬਜਟ ਤੋਂ ਬਾਹਰ ਦੀਆਂ ਦੇਣਦਾਰੀਆਂ.....	33

ਅਧਿਆਇ I

ਉਵਰਵਿਊ

1.1 ਭੂਮਿਕਾ

ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦਾ ਦਫਤਰ ਵੱਖ-ਵੱਖ ਏਜੰਸੀਆਂ ਵੱਲੋਂ ਭੇਜੇ ਗਏ ਲੇਖਿਆਂ ਦੇ ਅੰਕੜਿਆਂ ਨੂੰ ਜਾਂਚਦਾ, ਸੰ੍ਣੀਬੱਧ ਅਤੇ ਸੰਕਲਿਤ ਕਰਦਾ ਹੈ ਅਤੇ ਪੰਜਾਬ ਸਰਕਾਰ ਦੇ ਲੇਖੇ ਤਿਆਰ ਕਰਦਾ ਹੈ। ਇਹ ਸੰਕਲਨ ਜਿਲ੍ਹਾ ਖਜਾਨਿਆਂ, ਲੋਕ ਨਿਰਮਾਣ ਮੰਡਲਾਂ ਅਤੇ ਜੰਗਲਾਤ ਮੰਡਲਾਂ, ਹੋਰ ਰਾਜਾਂ/ਲੇਖਾ ਦਫਤਰਾਂ ਵੱਲੋਂ ਭੇਜੇ ਗਏ ਸ਼ੁਰੂਆਤੀ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦੇ ਦਫਤਰ ਵੱਲੋਂ ਹਰ ਮਹੀਨੇ ਇੱਕ ਮਾਹਵਾਰ ਸਿਵਲ ਲੇਖਾ ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਦਫਤਰ ਵੱਲੋਂ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੀ ਗੁਣਵੱਤਾ ਅਤੇ ਮਹੱਤਵਪੂਰਣ ਵਿੱਤੀ ਸੂਚਕਾਂ ਤੇ ਇੱਕ ਮਹੀਨਾਵਾਰ ਆਭਾ ਪ੍ਰਬੰਧਨ ਰਿਪੋਰਟ ਵੀ ਭੇਜੀ ਜਾਂਦੀ ਹੈ। ਇਸਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੀ ਧਾਰਾ 149 ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ (ਕਰਤੱਵ, ਇਖਤੀਆਰ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 11 ਦੇ ਅਨੁਸਾਰ ਵਿੱਤ ਲੇਖੇ ਤੇ ਨਮਿੱਤਣ ਲੇਖੇ ਮਹਾਲੇਖਾਕਾਰ ਦੁਆਰਾ ਸਲਾਨਾ ਤਿਆਰ ਕੀਤੇ ਜਾਂਦੇ ਹਨ, ਜੋ ਕਿ ਮਹਾਲੇਖਾਕਾਰ (ਆਡਿਟ) ਪੰਜਾਬ ਵੱਲੋਂ ਆਡਿਟ ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ ਵੱਲੋਂ ਤਸਦੀਕੀ ਕਰਨ ਉਪਰੰਤ ਰਾਜ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ।

1.2 ਸਰਕਾਰੀ ਲੇਖਿਆਂ ਦਾ ਢਾਂਚਾ

1.2.1 ਸਰਕਾਰੀ ਲੇਖੇ ਦੇ ਤਿੰਨ ਹਿੱਸੇ ਹੁੰਦੇ ਹਨ:

ਸਰਕਾਰੀ ਲੇਖਿਆਂ ਦਾ ਢਾਂਚਾ

ਭਾਗ 1
ਸਮੇਕਿਤ ਫੰਡ

ਸਰਕਾਰ ਦੁਆਰਾ ਪ੍ਰਾਪਤ ਕਰ ਅਤੇ ਗੈਰ-ਕਰ ਆਮਦਨ, ਸਾਰਵਜਨਿਕ ਕਰਜੇ, ਦਿੱਤੇ ਗਏ ਕਰਜੇ ਦੀ ਵਾਪਸੀ (ਸਮੇਤ ਵਿਆਜ) ਸਮੇਤ ਸਾਰਾ ਮਾਲੀਆ ਸਮੇਕਿਤ ਫੰਡ ਦਾ ਹਿੱਸਾ ਹਨ।

ਸਰਕਾਰੀ ਕਰਜੇ ਅਤੇ ਪੇਸ਼ਗੀਆਂ ਦੀ ਵੰਡ, ਲਿੱਤੇ ਗਏ ਕਰਜੇ ਦੀ ਅਦਾਇਗੀ (ਸਮੇਤ ਬਿਆਜ) ਸਮੇਤ ਸਾਰੇ ਖਰਚੇ ਅਤੇ ਵੰਡਾਂ ਸਮੇਕਿਤ ਫੰਡ ਤੋਂ ਕੀਤੇ ਜਾਂਦੇ ਹਨ।

ਭਾਗ 2
ਸੰਕਟਕਾਲੀਨ ਫੰਡ

ਸੰਕਟਕਾਲੀਨ ਫੰਡ ਅਗੇਤ ਖਾਤੇ ਦੇ ਸੁਭਾਵ ਦਾ ਹੈ, ਜਿਸਨੂੰ ਵਿਧਾਨ ਸਭਾ ਦੁਆਰਾ ਲੰਬਿਤ ਪ੍ਰਵਾਨਗੀ ਤੇ ਅਣਪਛਾਤੀ ਖਰਚਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਫੰਡ ਵਿਚੋਂ ਕੀਤੇ ਖਰਚੇ ਦੀ ਭਰਪਾਈ ਸਮੇਕਿਤ ਫੰਡ ਵਿਚੋਂ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦਾ ਇਸ ਫੰਡ ਦਾ ਕੋਰਪਸ (Corpus) 25.00 ਕਰੋੜ ਰੁਪਏ ਹੈ।

ਭਾਗ 3
ਸਰਵਜਨਿਕ ਲੇਖੇ


ਜੰਨਤਕ ਖਾਤੇ ਵਿੱਚ ਕਰਜੇ (ਭਾਗ 1 ਵਿੱਚ ਸ਼ਾਮਲ ਲੈਣ-ਦੇਣ ਨੂੰ ਛੱਡ ਕੇ), ਜਮਾਂ ਰਕਮਾਂ, ਪੇਸ਼ਗੀ ਜਮਾਂ ਕਰਵਾਈ ਰਕਮਾਂ ਅਤੇ ਉਚੰਤ ਰਕਮਾਂ ਨਾਲ ਸਬੰਧਿਤ ਲੈਣ-ਦੇਣ ਦਰਜ ਕੀਤੇ ਜਾਂਦੇ ਹਨ।

ਇਸ ਭਾਗ ਵਿੱਚ ਕਰਜੇ, ਜਮਾਂ ਅਤੇ ਪੇਸ਼ਗੀਆਂ ਦੇ ਲੈਣ-ਦੇਣ [ਸਮੇਤ ਸਾਬਕਾ (ਕਰਜੇ ਤੇ ਜਮਾਂ ਰਕਮਾਂ) ਦਾ ਭੁਗਤਾਨ ਅਤੇ ਬਾਦ ਵਾਲੇ (ਪੇਸ਼ਗੀ ਜਮਾਂ) ਦੀ ਮੁੜ ਪ੍ਰਾਪਤੀਆਂ] ਇਸ ਤਰਾਂ ਦੇ ਹੁੰਦੇ ਹਨ, ਜਿਨ੍ਹਾਂ ਦੇ ਸਬੰਧ ਵਿੱਚ ਅਦਾਇਗੀ ਦੀ ਜੁੰਮੇਵਾਰੀ ਸਰਕਾਰ ਦੀ ਹੁੰਦੀ ਹੈ ਜਾਂ ਭੁਗਤਾਨ ਕੀਤੀ ਰਕਮਾਂ ਨੂੰ ਮੁੜ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਇਸ ਭਾਗ ਵਿੱਚ ਜਮਾਂ ਕਰਵਾਈਆਂ ਰਕਮਾਂ ਅਤੇ ਉਚੰਤ ਸਬੰਧੀ ਲੈਣ-ਦੇਣ ਇਸ ਤਰਾਂ ਦੇ ਹੁੰਦੇ ਹਨ ਜੋ ਕਿ ਆਮ ਤੌਰ ਤੇ ਸਮਾਯੋਜਿਤ ਮਦਾਂ ਹੁੰਦਿਆਂ ਹਨ ਜਿਨ੍ਹਾਂ ਅਧੀਨ ਖਜਾਨਿਆਂ ਅਤੇ ਕਰੇਂਸੀ ਚੇਸਟ ਵਿਚਕਾਰ ਜਮਾਂ ਕਰਵਾਈਆਂ ਰਕਮਾਂ ਅਤੇ ਲੇਖਾ ਸਰਕਲਾਂ ਵਿੱਚ ਟ੍ਰਾਂਸਫਰ ਸਬੰਧੀ ਲੈਣ-ਦੇਣ ਸ਼ਾਮਲ ਹੁੰਦੇ ਹਨ। ਇਨ੍ਹਾਂ ਮਦਾਂ ਵਿੱਚ ਸ਼ੁਰੂਆਤੀ ਡੈਬਿਟ ਜਾਂ ਕ੍ਰੇਡਿਟ ਦਾ ਨਿਪਟਾਰਾ ਅਸਲੀ ਮੱਦ ਨੂੰ ਬੁਕ ਕਰਕੇ ਕੀਤਾ ਜਾਂਦਾ ਹੈ।

1.2.2 ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ

ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ




1.3 ਵਿੱਤ ਲੇਖੇ ਅਤੇ ਨਮਿੱਤਣ ਲੇਖੇ

1.3.1 ਵਿੱਤ ਲੇਖੇ

ਵਿੱਤ ਲੇਖੇ ਸਰਕਾਰ ਦੀਆਂ ਸਲਾਨਾ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਨਾਲ ਨਾਲ ਮਾਲੀਆਂ ਅਤੇ ਪੂੰਜੀਗਤ ਲੇਖਿਆ ਵਿੱਚ ਦਰਸਾਏ ਗਏ ਵਿੱਤੀ ਨਤੀਜਿਆਂ ਅਤੇ ਸਾਰਵਜਨਿਕ ਕਰਜ਼ੇ ਅਤੇ ਸਰਵਜਨਿਕ ਲੇਖਿਆ ਦੇ ਬਕਾਇਆ ਨੂੰ ਦਰਸਾਉਂਦੇ ਹਨ। ਜਿਆਦਾ ਵਿਆਪਕ ਅਤੇ ਸੂਚਨਾਪੂਰਨ ਬਨਾਉਣ ਲਈ ਵਿੱਤ ਲੇਖੇ ਦੋ ਭਾਗਾਂ ਵਿੱਚ ਤਿਆਰ ਕੀਤੇ ਗਏ ਹਨ। ਵਿੱਤ ਲੇਖੇ **ਭਾਗ–I** ਵਿੱਚ ਭਾਰਤ ਦੇ ਨਿਰੀਖਕ ਅਤੇ ਮਹਾਂਲੇਖਾਪ੍ਰੀਖਕ ਦਾ ਪ੍ਰਮਾਣ ਪੱਤਰ, ਵਿੱਤ ਲੇਖੇ ਲਈ ਗਾਇਡ, 13 ਸਟੇਟਮੈਂਟਾਂ ਜੋਕਿ ਰਾਜ ਸਰਕਾਰ ਦੇ ਚਾਲੂ ਵਿੱਤ ਸਾਲ ਦੇ ਵਿੱਤੀ ਲੈਣ ਦੇਣ ਸਥਿਤੀ ਦੀ ਸੰਖੇਪ ਵਿੱਚ ਸੂਚਨਾ, ਨੋਟਸ ਟੂ ਫਾਇਨਾਂਸ ਅਕਾਉਂਟਸ ਅਤੇ ਇਸਦੇ ਅਨੁੱਲਗ ਸ਼ਾਮਲ ਹਨ। ਵਿੱਤ ਲੇਖੇ ਦੇ **ਭਾਗ–II** ਵਿੱਚ 2 ਹਿੱਸੇ ਹਨ, ਪਹਿਲੇ ਹਿੱਸੇ ਵਿੱਚ 9 ਵਿਸਤ੍ਰਿਤ ਸਟੇਟਮੈਂਟਾਂ ਅਤੇ ਦੂਜੇ ਹਿੱਸੇ ਵਿੱਚ 13 ਅੰਤਿਕਾਵਾ (Appendices) ਹਨ।

ਸਾਲ 2023-24 ਵਿੱਚ ਵਿੱਤ ਲੇਖੇ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸਾਲ 2023-24 ਵਿੱਚ ਪ੍ਰਾਪਤੀਆਂ ਅਤੇ ਭੁਗਤਾਨ



** ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਅਚੇਤ ਫੰਡ+ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ–ਭੁਗਤਾਨ)+ਨਿਰੋਲ ਮੁਢਲੇ ਅਤੇ ਅੰਤਿਮ ਰੋਕੜ ਬਕਾਇਆ।*

ਕੇਂਦਰ ਸਰਕਾਰ ਰਾਜ ਵਿੱਚ ਲਾਗੂ ਕਰਣ ਵਾਲੀ ਇਜੰਸੀਆਂ/ਗੈਰ ਸਰਕਾਰੀ ਸੰਸਥਾਨਾਂ ਨੂੰ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੂਲ ਫੰਡ ਸਿੱਧੇ ਤੌਰ ਤੇ ਤਬਦੀਲ ਕਰਦੀ ਹੈ। ਸਾਲ 2023-24 ਵਿੱਚ ਭਾਰਤ ਸਰਕਾਰ ਨੇ ₹3,998 ਕਰੋੜ ਦੇ ਫੰਡ ਸਿੱਧੇ ਤੌਰ ਤੇ ਪੰਜਾਬ ਵ੍ਵਿੱਚ ਲਾਗੂ ਕਰਣ ਵਾਲੀਆਂ ਇਜੰਸੀਆਂ ਨੂੰ ਜਾਰੀ ਕੀਤੇ। ਇਹ ਫੰਡ ਰਾਜ ਦੇ ਬਜ਼ਟ ਤੋਂ ਬਾਹਰ ਹੁੰਦੇ ਹਨ ਅਤੇ ਰਾਜ ਸਰਕਾਰ ਦੇ ਲੇਖੇ ਵਿੱਚ ਵੀ ਨਹੀਂ ਦਰਸਾਏ ਜਾਂਦੇ ਹਨ। ਇਹ ਫੰਡ ਵਿੱਤ ਲੇਖੇ ਵਿੱਚ ਭਾਗ 2 ਅੰਕਿਤਾ 6 ਵਿੱਚ ਦਰਸਾਏ ਜਾਂਦੇ ਹਨ।

1.3.2 ਲੇਖੇ ਦੀਆਂ ਵਿੱਤੀ ਹਾਇਲਾਈਟਸ

ਸਾਲ 2023-24 ਵਿੱਚ ਅਸਲ ਵਿੱਤੀ ਨਤੀਜਿਆਂ ਦਾ ਵੇਰਵਾ, ਬਜਟ ਅਨੁਮਾਨਾਂ ਦੇ ਅਨੁਸਾਰ ਇਸ ਤਰਾਂ ਹੈ:

(₹ ਕਰੋੜ ਵਿੱਚ)

ਲੜੀ ਨੰ:	ਹਿੱਸੇ	ਬਜਟ ਅਨੁਮਾਨ 2023-24	ਅਸਲ 2023-24	ਅਸਲ ਦੀ ਬਜਟ ਅਨੁਮਾਨ ਨਾਲ ਪ੍ਰਤੀਸ਼ਸਤਾ	ਅਸਲ ਤੋਂ ਜੀਐਸਡੀਪੀ (ਏ) ਦੀ ਪ੍ਰਤੀਸ਼ਤ
1.	ਕਰ ਆਮਦਨ	60,345	67,662(a)	112	9
2.	ਗੈਰ ਕਰ ਆਮਦਨ	6,302	7,234	115	1
3.	ਅਨੁਦਾਨ ਸਹਾਇਤਾ ਅਤੇ ਯੋਗਦਾਨ	28,731	14,296	50	2
4.	*ਮਾਲੀਆ ਪ੍ਰਾਪਤੀਆਂ (1+2+3)*	**95,378**	89,192	94	12
5.	ਕਰਜ਼ੇ ਅਤੇ ਪੇਸ਼ਗੀਆ ਦੀ ਵਸੂਲੀ	200	39	20	..
6.	ਹੋਰ ਪ੍ਰਾਪਤੀਆਂ	500	..	..	..
7.	ਉਧਾਰ ਅਤੇ ਹੋਰ ਦੇਣਦਾਰੀਆਂ (ਅ)	23,835	33,115	139	4
8.	*ਪੂੰਜੀਗਤ ਪ੍ਰਾਪਤੀਆਂ (5+6+7)*	24,535	33,154	135	4
9.	*ਕੁੱਲ ਪ੍ਰਾਪਤੀਆਂ (4+8)*	1,19,913	1,22,346	102	16
10.	*ਮਾਲੀਆ ਖਰਚੇ*	1,07,932	1,17,407	109	16
11.	*ਬਿਆਜ ਦੇਣ ਤੇ ਖਰਚਾ (ਮਾਲੀਆ ਖਰਚੇ ਤੋਂ)*	20,122	24,302	121	3
12.	*ਪੂੰਜੀਗਤ ਖਰਚੇ*	10,981	4,743	43	1
13.	*ਕਰਜੇ ਅਤੇ ਪੇਸ਼ਗੀਆਦੀ ਵੰਡ*	1,000	196	20	..
14.	*ਕੁੱਲ ਖਰਚਾ (10+12+13)*	1,19,913	1,22,346	102	16
15.	*ਮਾਲੀਆ ਘਾਟਾ (4-10)*	12,554	28,215	225	4
16.	*ਵਿੱਤੀ ਘਾਟਾ (4+5+6-14)*	23,835	33,115	139	4

ਉ) ਕੇਂਦਰੀ ਕਰਾਂ ਵਿੱਜ ਰਾਜ ਦਾ ਹਿੱਸਾ ₹ 20,410 ਕਰੋੜ ਹੈ।

ਅ) ਉਧਾਰ ਅਤੇ ਹੋਰ ਦੇਣਦਾਰੀਆਂ: ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ–ਭੁਗਤਾਨ)+ ਨਿਰੋਲ ਅਚੇਤ ਫੰਡ+ ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ–ਭੁਗਤਾਨ)–ਨਿਰੋਲ–ਮੁੱਢਲੇ ਅਤੇ ਅੰਤਿਮ ਰੋਕੜ ਬਕਾਇਆ।

ਏ) ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਗਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01ਅਗਸਤ 2024 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹7,44,899 ਕਰੋੜ ਹੈ।

1.3.3 ਨਮਿੱਤਣ ਲੇਖੇ

ਹਰੇਕ ਸਾਲ ਵਿੱਚ ਨਮਿੱਤਣ ਲੇਖੇ ਰਾਜ ਸਰਕਾਰ ਦੇ ਸਮਕਿਤ ਨਿਧੀ ਤੋਂ ਸਕਲ ਖਰਚੇ (ਵੋਟਿਡ ਅਤੇ ਚਾਰਜਡ) ਦੇ ਮੁਕਾਬਲੇ ਭਾਰਤੀ ਸੰਵਿਧਾਨ ਦੇ ਅਨੁਛੇਦ 204 ਅਤੇ 205 ਦੇ ਅਧੀਨ ਰਾਜ ਸਰਕਾਰ ਦੁਆਰਾ ਪਾਸ ਕੀਤੇ ਨਮਿੱਤਣ ਐਕਟ ਨਾਲ ਨੱਥੀ ਅਨੁਸੂਚੀਆਂ ਵਿੱਚ ਨਿਰਧਾਰਿਤ ਰਕਮਾਂ ਨੂੰ ਦਰਸਾਉਂਦੇ ਹਨ। ਪੰਜਾਬ ਸਰਕਾਰ ਦੇ ਸਾਲ 2023-24 ਦੇ ਨਮਿੱਤਣ ਲੇਖੇ ਸਾਲ 2023-24 ਵਿੱਚ 34 ਚਾਰਜਡ ਅਤੇ 42 ਵੋਟਿਡ ਅਨੁਦਾਨਾਂ ਵਿੱਚ ਖਰਚ ਦੀਆਂ ਰਕਮਾਂ ਨੂੰ ਦਰਸਾਉਂਦੇ ਹਨ।

1.3.4 ਬਜਟ ਤਿਆਰ ਕਰਨ ਵਿੱਚ ਨਿਪੁੰਨਤਾ

ਨਮਿੱਤਣ ਅਧਿਨਿਯਮ 2023-24 ਦੇ ਅੰਤਰਗਤ ₹ 1,96,381 ਕਰੋੜ ਦਾ ਕੁੱਲ ਖਰਚਾ ਹੋਇਆ ਜਿਸ ਵਿੱਚ ਸਾਲ ਦੌਰਾਨ ਵਿਧਾਨ ਸਭਾ ਦੁਆਰਾ ਪਾਰਿਤ ₹12,046 ਕਰੋੜ ਦੀਆਂ ਪੂਰਕ ਗਰਾਂਟਾਂ ਸ਼ਾਮਲ ਹਨ। ਖਰਚੇ ਦੀ ਕਟੌਤੀ ਵੱਜੋਂ ਕੁੱਝ ਵੀ ਰਕਮ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ।

ਨਮਿੱਤਣ ਲੇਖੇ 2023-24 ਵਿਚ ₹ 2,08,599 ਕਰੋੜ ਦੇ ਬਜਟ ਅਨੁਮਾਨ ਦੇ ਮੁਕਾਬਲੇ ₹ 1,96,381 ਕਰੋੜ ਦਾ ਕੁੱਲ ਭੁਗਤਾਨ ਦਿਖਾਇਆ ਗਿਆ ਹੈ। ਨਤੀਜੇ ਵਜੋਂ ₹12,128 ਕਰੋੜ ਦੀ (6 ਪ੍ਰਤੀਸਤ) ਦੀ ਸ਼ੁੱਧ ਬਚਤ ਹੋਈ। ਹਾਲਾਂਕਿ, ₹ 7,502 ਕਰੋੜ (62 ਪ੍ਰਤੀਸ਼ਤ) ਦੀ ਸ਼ੁੱਧ ਬਚਤ ਸਥਾਨਕ ਸਰਕਾਰਾਂ (₹ 2,659 ਕਰੋੜ), ਸਿੱਖਿਆ (₹ 1,842 ਕਰੋੜ), ਪੇਂਡੂ ਵਿਕਾਸ ਅਤੇ ਪੰਚਾਇਤਾਂ (₹1,684 ਕਰੋੜ) ਅਤੇ **ਖੇਤੀ ਬਾੜੀ** (₹ 1,317 ਕਰੋੜ) ਦੁਆਰਾ ਨਿਯੰਤਰਿਤ ਗ੍ਰਾਂਟਾਂ ਦੇ ਅਧੀਨ ਸੀ। ਇਸ ਤਰਾਂ ਦੋ ਵੋਟਿਡ ਅਨੁਦਾਨ ਅਤੇ ਇੱਕ ਚਾਰਜਡ ਨਮਿੱਤਨ ਵਿੱਚ ₹5,243 ਕਰੋੜ ਦਾ ਵਾਧੂ ਖਰਚਾ ਹੋਇਆ। ਬਜਟ ਅਨੁਮਾਨਾਂ ਵਿੱਚ ਖਰਚੇ ਦੀ ਕਟੌਤੀ ਵਜੋਂ ਰਿਕਵਰੀ ਦੇ ਨਿਲ ਪ੍ਰਾਵਧਾਨ ਸੀ। ਸਾਲ 2023-24 ਵਿੱਚ ₹ 583 ਕਰੋੜ ਦੀ ਅਸਲ ਰਿਕਵਰੀ ਹੋਈ।

ਸਾਲ 2023-24 ਦੇ ਨਮਿੱਤਣ ਲੇਖੇ ਤੋਂ ਪਤਾ ਲਗਦਾ ਹੈ ਕਿ ₹ 1,96,381 ਕਰੋੜ ਦੇ ਕੁੱਲ ਖਰਚੇ ਵਿਚੋਂ ₹1,17,834 ਕਰੋੜ ਦਾ ਮਾਲੀਆ ਖਰਚਾ, ₹4,899 ਕਰੋੜ ਦਾ ਪੂੰਜੀਗਤ ਖਰਚਾ, ₹73,452 ਕਰੋੜ ਕਰਜ਼ਿਆ ਦੀ ਅਦਾਇਗੀ ਅਤੇ ₹ 196 ਕਰੋੜ ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀਆ ਤੇ ਖਰਚ ਹੋਏ। ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੀ ਗਈ ਕੁਲ ਮੰਗਾ ਦੇ ਹਵਾਲੇ ਵਿੱਚ ਮਾਲੀਆ, ਪੂੰਜੀਗਤ, ਜਨਤਕ ਕਰਜੇ ਅਤੇ ਉਧਾਰ ਅਤੇ ਪੇਸ਼ਸਿਆਂ ਵਿੱਚ ਬਚਤਾਂ ਹੋਇਆਂ।

1.4 ਫੰਡਾਂ ਦੇ ਸਰੋਤ ਅਤੇ ਵਰਤੋਂ

1.4.1 ਉਪਾਅ ਅਤੇ ਸਾਧਨ ਪੇਸ਼ਗੀਆਂ


ਭਾਰਤੀ ਰਿਜ਼ਰਵ ਬੈਂਕ ਰਾਜ ਸਰਕਾਰਾਂ ਨੂੰ ਆਪਣੀ ਤਰਲਤਾ (Liquidity) ਨੂੰ ਬਰਕਰਾਰ ਰੱਖਣ ਲਈ ਵੇਜ਼ ਐਂਡ ਮੀਨਜ਼ ਅਡਵਾਂਸ ਦੀ ਸਹੂਲਤ ਪ੍ਰਦਾਨ ਕਰਦਾ ਹੈ। ਓਵਰਡਰਾਫਟ ਸੁਵਿਧਾਵਾਂ ਉਦੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਦੋਂ ਸਹਿਮਤੀਸ਼ੁਦਾ ਘੱਟੋ-ਘੱਟ ਨਕਦ ਬਕਾਇਆ ਜੋ ਕਿ ₹ 1.56 ਕਰੋੜ ਹੈ ਉਸ ਤੋਂ ਘਟ ਹੁੰਦਾ ਹੈ। 31 ਮਾਰਚ 2024 ਨੂੰ ₹ 3,580 ਕਰੋੜ ਰੁਪਏ ਵੇਜ਼ ਐਂਡ ਮੀਨਜ਼ ਐਡਵਾਂਸ ਦੇ ਰੂਪ ਵਿੱਚ ਬਕਾਇਆ ਸਨ। ਪਿਛਲੇ ਸਾਲ ਦੇ ਅੰਤ ਵਿੱਚ, ਵੇਜ਼ ਐਂਡ ਮੀਨਜ਼ ਐਡਵਾਂਸ ਦੇ ਰੂਪ ਵਿੱਚ ਕੋਈ ਰਕਮ ਬਕਾਇਆ ਨਹੀਂ ਸੀ। 2023-24 ਦੇ ਦੌਰਾਨ, ਸਰਕਾਰ ਨੇ 151 ਮੌਕਿਆਂ 'ਤੇ ਸਾਧਾਰਨ ਵੇਜ਼ ਐਂਡ ਮੀਨਜ਼ ਅਡਵਾਂਸ ਵਜੋਂ ₹ 11,002 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 9,898 ਕਰੋੜ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 1,104 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 9 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਪੰਜ ਮੌਕਿਆਂ 'ਤੇ ਓਵਰ ਡਰਾਫਟ ਵਜੋਂ ₹ 1,941 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 1,679 ਕਰੋੜ ਰੁਪਏ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 262 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 1 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਅੱਠ ਮੌਕਿਆਂ 'ਤੇ ਕਮੀ (Shortfall) ਦੇ ਤੌਰ 'ਤੇ ₹ 6.24 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 4.68 ਕਰੋੜ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 1.56 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 0.25 ਲੱਖ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਇੱਕ ਸੌ 24 ਮੌਕਿਆਂ 'ਤੇ ਵਿਸ਼ੇਸ਼ ਡਰਾਇੰਗ ਸਹੂਲਤ ਵਜੋਂ ₹ 46,802 ਕਰੋੜ ਰੁਪਏ ਵੀ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 2,213 ਕਰੋੜ ਰੁਪਏ ਦਾ ਬਕਾਇਆ ਛੱਡ ਕੇ ਸਾਲ ਦੌਰਾਨ ₹ 44,589 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਇਨ੍ਹਾਂ ਪੇਸ਼ਗੀ 'ਤੇ ਵਿਆਜ ਵਜੋਂ ₹ 65 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ।

1.4.2 ਫੰਡ ਪ੍ਰਵਾਹ ਵੇਰਵਾ

ਰਾਜ ਦਾ ₹ 28,215 ਕਰੋੜ ਦਾ ਮਾਲੀਆ ਘਾਟਾ ਅਤੇ ₹ 33,115 ਕਰੋੜ ਦਾ ਵਿਤੀ ਘਾਟਾ ਕੁਲ ਰਾਜ ਘਰੇਲ ਉਤਪਾਦ *ਦਾ ਕ੍ਰਮਵਾਰ 3.79 ਪ੍ਰਤੀਸ਼ਤ ਅਤੇ 4.45 ਪ੍ਰਤੀਸ਼ਤ ਬਣਦਾ ਹੈ। ਵਿੱਤੀ ਘਾਟਾ ਕੁਲ ਖਰਚੇ ਦਾ 29.09 ਪ੍ਰਤੀਸ਼ਤ ਹੈ। ਇਸ ਘਾਟੇ ਦੀ ਪੂਰਤੀ ਸਾਰਵਜਨਿਕ ਕਰਜ਼ੇ (₹ 29,582 ਕਰੋੜ), ਸਾਰਵਜਨਿਕ ਲੇਖਿਆਂ ਵਿੱਚ ਵਾਧਾ (₹ 3,359 ਕਰੋੜ) ਨਾਲ ਕੀਤਾ ਗਿਆ। ਰਾਜ ਸਰਕਾਰ ਦੀ ਮਾਲੀਆ ਪ੍ਰਾਪਤੀਆਂ (₹ 89,192 ਕਰੋੜ) ਦਾ ਲਗਭਗ 80 ਪਰਤੀਸ਼ਤ ਪ੍ਰਤੀਬੱਧ ਖਰਚੇ ਜਿਵੇ ਤਨਖਾਹਾਂ (₹ 28,475 ਕਰੋੜ), ਵਿਆਜ ਅਦਾਇਗਿਆ (₹ 22,552 ਕਰੋੜ) ਅਤੇ ਪੈਨਸ਼ਨਾਂ (₹ 20,096 ਕਰੋੜ) ਤੇ ਖਰਚ ਕੀਤਾ ਗਿਆ ਹੈ।

ਫੰਡਾਂ ਦੇ ਸਰੋਤ ਅਤੇ ਵਰਤੋਂ

(₹ ਕਰੋੜ ਵਿੱਚ)




ਵੇਰਵੇ	ਰਕਮ
ਮੁੱਢਲਾ ਨਕਦ ਬਕਾਇਆ 1.04.2023 ਨੂੰ	366
ਮਾਲੀਆ ਪ੍ਰਾਪਤੀਆਂ	89,192
ਕਰਜ਼ ਅਤੇ ਪੇਸ਼ਗੀਆਂ ਦੀ ਵਸੂਲੀ	39
ਸਾਰਵਜਨਿਕ ਕਰਜ਼	1,03,034
ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ	3,418
ਰਾਖਵੇਂ ਫੰਡ	4,629
ਪ੍ਰਾਪਤ ਜਮ੍ਹਾਂ	6,878
ਸਿਵਿਲ ਪੇਸ਼ਗੀ ਦਾ ਭੁਗਤਾਨ	..
ਉੱਚਤ ਲੇਖੇ	95,469
ਜਮ੍ਹਾਂ ਕਰਵਾਈਆਂ ਗਈਆਂ ਰਕਮਾਂ	103
ਅਚੇਤ ਨਿਧੀ	..
ਕੁੱਲ	3,03,128

** ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2024 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹ 7,44,899 ਕਰੋੜ ਹੈ।*


ਵਰਤੋਂ

ਮਾਲੀਆ ਖਰਚਾ	1,17,407
ਪੂੰਜੀਗਤ ਖਰਚਾ	4,743
ਦਿਤੇ ਕਰਜ਼ੇ	196
ਸਰਵਜਨਿਕ ਕਰਜ਼ਿਆਂ ਦੀ ਅਦਾਇਗੀ	73,452
ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ	2,817
ਰਾਖਵੇਂ ਫੰਡ	3,007
ਖਰਚ ਕੀਤੇ ਜਮ੍ਹਾਂ	6,719
ਦਿਤੀਆਂ ਸਿਵਲ ਪੇਸ਼ਗੀਆਂ	..
ਉਚੰਤ ਲੇਖੇ	94,512
ਜਮ੍ਹਾਂ ਕਰਾਈਆਂ ਰਕਮਾਂ	83
31.3.2024 ਨੂੰ ਅੰਤਿਮ ਬਕਾਇਆ	192
ਕੁੱਲ	3,03,128

1.4.3 ਰੁਪਏ ਦੀ ਆਮਦ ਕਿਥੋਂ ਹੋਈ



1.4.4 ਰੁਪਿਆ ਕਿਥੇ ਖਰਚ ਹੋਇਆ



1.5 ਘਾਟਾ ਅਤੇ ਵਾਧਾ

ਘਾਟਾ

ਘਾਟਾ ਪ੍ਰਾਪਤੀਆਂ ਅਤੇ ਖਰਚੇ ਦੇ ਅੰਤਰ ਨੂੰ ਦਰਸਾਉਂਦਾ ਹੈ। ਘਾਟੇ ਦੀ ਕਿਸਮ ਘਾਟੇ ਦੀ ਭਰਪਾਈ ਅਤੇ ਫੰਡਾਂ ਦੀ ਵਰਤੋਂ ਆਰਥਿਕ ਪ੍ਰਬੰਧਨ ਦੇ ਜਰੂਰੀ ਸੂਚਕ ਹਨ।

ਮਾਲੀਆ ਘਾਟਾ/ਵਾਧਾ

ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਮਾਲੀਆ ਖਰਚਾ ਸਰਕਾਰੀ ਅਮਲਾ ਚਲਾਉਣ ਲਈ ਜਰੂਰੀ ਹੈ ਅਤੇ ਇਹ ਮਾਲੀਆ ਪ੍ਰਾਪਤੀਆਂ ਤੋਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਵਿਤੀ ਘਾਟਾ/ਵਾਧਾ

ਕੁਲ ਪ੍ਰਾਪਤੀਆਂ (ਦੇਣਦਾਰੀਆਂ ਅਤੇ ਉਧਾਰ ਛੱਡ ਕੇ) ਅਤੇ ਕੁਲ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਕਿਸ ਹੱਦ ਤੱਕ ਖਰਚ ਨੂੰ ਉਧਾਰ ਲੈ ਕੇ ਪੂਰਾ ਕੀਤਾ ਗਿਆ ਇਸ ਤੱਥ ਨੂੰ ਦਰਸਾਉਂਦਾ ਹੈ। ਉਧਾਰ ਰਾਸ਼ੀਆਂ ਨੂੰ ਪੂੰਜੀਗਤ ਯੋਜਨਾਵਾਂ ਤੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।

1.5.1 ਪਿਛਲੇ ਪੰਜ ਸਾਲਾਂ ਦੌਰਾਨ ਮਾਲੀਆ ਘਾਟਾ/ਵਾਧਾ ਅਤੇ ਵਿੱਤੀ ਘਾਟੇ ਦਾ ਰੁਝਾਨ ਹੇਠ ਅਨੁਸਾਰ ਹੈ :


(ਰੁਪਏ ਕਰੋੜ ਵਿੱਚ)

ਸਾਲ	ਜੀ ਐਸ ਡੀ ਪੀ (i)	ਮਾਲੀਆ ਘਾਟਾ	ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ	ਵਿਤੀ ਘਾਟਾ	ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ
2019-20	5,37,031	14,285	2.66	16,826	3.13
2020-21	5,40,853	17,297	3.20	22,585	4.18
2021-22	6,27,717	18,468	2.94	27,847	4.44
2022-23	6,81,251	26,045	3.82	33,930	4.98
2023-24	7,44,899	28,215	3.79	33,115	4.45

ਸਰੋਤ:

ਭਾਰਤ ਸਰਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2024 ਦੇ ਆਂਕੜੇ ਅਨੁਸਾਰ।

ਮਾਲੀਆ ਘਾਟਾ ਅਤੇ ਵਿੱਤੀ ਘਾਟਾ



1.5.2 ਪੰਜਾਬ ਵਿੱਤੀ ਜਿੰਮੇਦਾਰੀ ਅਤੇ ਬੱਜਟ ਪ੍ਰਬੰਧਣ (PFRBM) ਅਧਿਨਿਯਮ

1.5.2.1 ਪੰਜਾਬ ਸਰਕਾਰ ਦੇ ਮੌਜੂਦਾ FRBM ਅਧਿਨਿਯਮ 2003 ਮੁਤਾਬਿਕ ਪੰਜਾਬ ਸਰਕਾਰ ਨੇ ਸਾਲ 2023-24 ਦੇ ਮਿਡਅਮ ਟਰਮ ਵਿੱਤੀ ਯੋਜਨਾਵਾਂ ਅਤੇ ਸਟੇਟੇਜੀ ਸਟੇਟਮੈਂਟ ਰਾਜ ਸਰਕਾਰ ਦੇ ਬਜਟ ਨਾਲ ਪੇਸ਼ ਕੀਤੀ।

ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਸਮੇ ਰਾਜ ਸਰਕਾਰ ਦੁਆਰਾ ਪੀ.ਐਫ.ਆਰ.ਬੀ.ਐਮ ਐਕਟ ਅਤੇ ਨਿਅਮਾਂ ਦੇ ਅਨੁਸਾਰ ਮਿੱਥੇ ਟੀਚਿਆਂ ਅਤੇ ਸਰਕਾਰ ਦੀ ਕਾਰਗੁਜਾਰੀ ਦੀ ਸਥਿਤੀ ਪੇਸ਼ ਕਰਨੀ ਬਣਦੀ ਹੈ। ਇਸ ਸੰਧਰਭ ਵਿੱਚ ਲੇਖਾ ਪਧਤੀ, ਨੀਤੀਆਂ ਅਤੇ ਕਾਰਜ ਪ੍ਰਣਾਲੀ ਵਿੱਚ ਮਹਤਵਪੂਰਨ ਤਬਦੀਲੀਆ ਜੇ ਨਿਰਧਾਰਤ ਵਿੱਤੀ ਸੁਚਕਾ ਨੂੰ ਪ੍ਰਭਾਵਿਤ ਕਰਨ ਜਾ ਕਰ ਸਕਦੀਆ ਹੋਣ, ਦੇ ਬਾਰੇ ਕੋਈ ਖੁਲਾਸਾ ਨਹੀ ਕੀਤਾ ਗਿਆ।

1.5.2.2 ਸਾਲ 2023-24 ਵੱਚ ਪੰਜਾਬ ਸਰਕਾਰ ਦੇ ਲੇਖਿਆ ਦੀ ਨਿਪੁੰਨਤਾ ਦਾ ਪਤਾ ਪੀ.ਐਫ.ਆਰ.ਬੀ.ਐਮ. ਐਕਟ ਅਤੇ ਰੁਲਾਂ ਦੇ ਅਨੁਸਾਰ ਸਿਖੇ ਅਧਿਨਿਯਮ ਦੁਆਰਾ ਮਿਥੇ (ਨਿਰਧਾਰਿਤ) ਟੀਚਿਆਂ ਤੋਂ ਲਗਦਾ ਹੈ ਜੋ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਨੂੰ ਹੇਠ ਲਿਖੇ ਅਨੁਸਾਰ ਦਰਸਾਉਂਦਾ ਹੈ :-

ਲੜੀ ਨੰ:	ਵਿੱਤੀ ਪੈਮਾਨੇ	ਅਸਲ ਖਰਚਾ (ਰੁਪਏ ਕਰੋੜ ਵਿੱਚ)	ਵਿਤੀ ਸੂਚਕਾਂਕ ਪੈਮਾਨੇ ਦੀ ਸਕਲ ਰਾਜ ਘਰੇਲੂ ਉਤਪਾਦ ਨਾਲ ਪ੍ਰਤੀਸ਼ਤਤਾ *	
			ਟੀਚੇ	ਪ੍ਰਾਪਤੀ
1.	ਮਾਲੀਆ ਘਾਟਾ	28,215	0.00	3.79
2.	ਵਿੱਤੀ ਘਾਟਾ	33,115	4.00**	4.45

* ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ ₹7,44,899 ਕਰੋੜ ਭਾਰਤ ਸਰਕਾਰ ਦੇ ਆਂਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀਂ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2024 ਨੂੰ ਦਰਸਾਈ ਗਈ ਹੈ।

** ਵਿਤੀ ਘਾਟੇ ਨੂੰ 3.5 ਪ੍ਰਤੀਸ਼ਤ ਅਤੇ ਅਡੀਸ਼ਨਲ 0.5 ਪ੍ਰਤੀਸ਼ਤ । ਰਾਜ ਸਰਕਾਰ ਦੁਆਰਾ ਕੀਤੇ ਗਏ ਮਾਲੀਆ ਖਰਚੇ ਹਨ ਮੁਖ ਰਖਦੇ ਹੋਏ ਸੀਮਤ ਰਖਿਆ ਜਾਵੇਗਾ।

1.5.2.3 2023-24 ਵਿੱਚ ਪੰਜਾਬ ਸਰਕਾਰ ਦੀ ਨਿਰੋਲ ਉਧਾਰੀ ₹ 31,964 ਕਰੋੜ ਹੈ।

ਅਧਿਆਇ II

ਪ੍ਰਾਪਤੀਆਂ

2.1 ਭੂਮਿਕਾ

ਸਰਕਾਰ ਦੀਆਂ ਪ੍ਰਾਪਤੀਆਂ ਨੂੰ ਮਾਲੀਆ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿੱਚ ਵੰਡਿਆ ਗਿਆ ਹੈ। ਸਾਲ 2023-24 ਵਿੱਚ ਕੁਲ ₹ 89,192 ਕਰੋੜ ਦੀਆਂ ਪ੍ਰਾਪਤੀਆਂ ਹੋਈਆਂ।

2.2 ਮਾਲੀਆ ਪ੍ਰਾਪਤੀਆਂ

ਸਰਕਾਰ ਦਿਆਂ ਮਾਲੀਆਂ ਪਾਪਤੀਆਂ ਦੇ ਤਿਨ ਭਾਗ ਹੁੰਦੇ ਹਨ:- ਕਰ ਆਸਦਨ, ਗੈਰ ਕਰ ਆਸਦਨ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਅਨੁਦਾਨ।

ਕਰ ਆਮਦਨ — ਕਰ ਸਰਕਾਰ ਦੁਆਰਾ ਵਸੂਲੇ ਅਤੇ ਸੰਭਾਲੇ ਜਾਂਦੇ ਹਨ। ਸੰਵਿਧਾਨ ਦੀ ਧਾਰਾ 280(3) ਅਧੀਨ ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ ਹੁੰਦਾ ਹੈ।


ਗੈਰ- ਕਰ ਆਮਦਨ — ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ ਆਦਿ ਸ਼ਾਮਿਲ ਹੁੰਦਾ ਹੈ।

ਅਨੁਦਾਨ ਸਹਾਇਤਾ — ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ। ਇਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਬਾਹਰ ਅਨੁਦਾਨ ਸਹਾਇਤਾ, ਸਹਾਇਤਾ, ਸਮਾਨ ਅਤੇ ਉਪਕਰਣ ਸ਼ਾਮਿਲ ਹਨ ਜੋ ਕਿ ਕੇਂਦਰ ਸਰਕਾਰ ਦੁਆਰਾ ਦਿਤੇ ਜਾਂਦੇ ਹਨ। ਇਸਤੋਂ ਇਲਾਵਾ ਰਾਜ ਸਰਕਾਰ ਸੰਸਥਾਵਾਂ ਨੂੰ ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੰਦੀ ਹੈ।

2.2.1 ਮਾਲੀਆ ਪ੍ਰਾਪਤੀਆਂ ਦੇ ਹਿੱਸੇ (2023-24)

(₹ ਕਰੋੜ ਵਿੱਚ)

ਹਿੱਸੇ	ਅਸਲ
ੳ. ਕਰ ਆਮਦਨ	67,662
ਵਸਤੂ ਅਤੇ ਸੇਵਾ ਟੈਕਸ	27,119
ਆਮਦਨ ਅਤੇ ਖਰਚੇ ਤੇ ਕਰ	13,369
ਜਾਇਦਾਦ ਅਤੇ ਪੂੰਜੀਗਤ ਲੈਣ-ਦੇਣ ਤੇ ਕਰ	4,456
ਵਸਤਾਂ ਅਤੇ ਸੇਵਾਵਾਂ ਦੇ ਕਰ	22,718
ਅ. ਗੈਰ ਕਰ ਆਮਦਨ	7,234
ਵਿਆਜ ਪ੍ਰਾਪਤੀਆਂ, ਲਾਭ ਅੰਸ਼ ਅਤੇ ਲਾਭ ਆਦਿ	282
ਆਮ ਸੇਵਾਵਾਂ	4,461
ਸਮਾਜਿਕ ਸੇਵਾਵਾਂ	1,173
ਆਰਥਿਕ ਸੇਵਾਵਾਂ	1,318
ੲ. ਅਨੁਦਾਨ ਸਹਾਇਤਾ ਅਤੇ ਅੰਸ਼ਦਾਨ	14,296
ਕੁੱਲ	89,192



2.2.2 ਮਾਲੀਆ ਪ੍ਰਾਪਤੀਆਂ ਦਾ ਰੁਝਾਨ


(₹ ਕਰੋੜ ਵਿੱਚ)

ਹਿੱਸੇ	2019-20	2020-21	2021-22	2022-23	2023-24
ਕਰ ਆਮਦਨ	40,341 (7)	40,691 (8)	52,615 (9)	59,407 (9)	67,662 (9)
ਗੈਰ ਕਰ ਆਮਦਨ	6,654 (1)	4,152 (1)	4,784 (1)	6,232 (1)	7,234 (1)
ਅਨੁਦਾਨ ਸਹਾਇਤਾ	14,580 (3)	24,205 (4)	20,769 (3)	21,977 (3)	14,296 (2)
ਕੁੱਲ ਮਾਲੀਆ ਪ੍ਰਾਪਤੀਆਂ	**61,575 (11)**	**69,048 (13)**	**78,168 (12)**	**87,616 (13)**	**89,192 (12)**
ਸਕਲ ਰਾਜ ਘਰੇਲੂ ਉਤਪਾਦ (i)	**5,37,031**	**5,40,853**	**6,27,717**	**6,81,251**	**7,44,899**

ਨੋਟ : (i) ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ।
(ii) ਬਰੈਕਟ ਵਿਚਲੇ ਆਂਕੜੇ ਸਕਲ ਰਾਜ ਘਰੇਲੂ ਉਤਪਾਦ ਦੇ ਅਨੁਸਾਰ ਦੀ ਪ੍ਰਤੀਸ਼ਸਤ ਦਰਸਾਉਂਦੇ ਹਨ।

ਸਕਲ ਰਾਜ ਘਰੇਲੂ ਉਤਪਾਦ ਸਾਲ 2022-23 ਦੇ ਮੁਕਾਬਲੇ 2023-24 ਵਿੱਚ 9 ਪ੍ਰਤੀਸ਼ਤ ਵਧਿੱਆ ਜਦੋਂ ਕਿ ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 2 ਪ੍ਰਤੀਸ਼ਤ ਵਧੀ।

ਮਾਲੀਆ ਪ੍ਰਾਪਤੀਆਂ ਦਾ ਰੁਝਾਨ




2.3 ਕਰ ਆਮਦਨ

(₹ ਕਰੋੜ ਵਿੱਚ)

ਉਪ ਖੇਤਰ ਵਾਰ ਕਰ ਆਮਦਨ					
ਉਪ ਖੇਤਰ	2019-20	2020-21	2021-22	2022-23	2023-24
ਵਸਤੂ ਅਤੇ ਸੇਵਾ ਕਰ	15,687	14,998	20,122	22,977	27,119
ਆਮਦਨ ਅਤੇ ਖਰਚ ਤੇ ਕਰ	6,430	6,616	9,032	11,532	13,369
ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ	2,324	2,538	3,393	4,319	4,456
ਵਸਤਾਂ ਅਤੇ ਸੇਵਾਵਾਂ ਤੇ ਕਰ	15,900	16,539	20,068	20,579	22,718
ਕੁਲ ਕਰ ਆਮਦਨ	40,341	40,691	52,615	59,407	67,662

ਉਪ-ਖੇਤਰ ਵਾਰ ਕਰ ਆਮਦਨ ਦਾ ਰੁਝਾਨ



2.3.1 ਰਾਜ ਦੀ ਆਪਣੀ ਕਰ ਆਮਦਨ ਵਸੂਲੀ ਦਾ ਨਿਸ਼ਪਾਦਨ

ਰਾਜ ਸਰਕਾਰ ਦੇ ਕਰ ਆਮਦਨ ਦੇ ਦੋ ਸਰੋਤ ਹਨ ਜਿਵੇਂ ਰਾਜ ਦੀ ਆਪਣੀ ਕਰ ਵਸੂਲੀ ਅਤੇ ਕੇਂਦਰੀ ਕਰਾਂ ਦੀ ਵੰਡ

(₹ ਕਰੋੜ ਵਿੱਚ)

	ਸਕਲ ਰਾਜ ਘਰੇਲੂ ਉਤਪਾਦ*	ਕਰ ਆਮਦਨ	ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ	ਰਾਜ ਦੀ ਆਪਣੀ ਕਰ ਆਮਦਨ: ਰਕਮ	ਰਾਜ ਦੀ ਆਪਣੀ ਕਰ ਆਮਦਨ: ਸਕਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਤਤਾ
2019-20	5,37,031	40,341	10,346	29,995	6
2020-21	5,40,853	40,691	10,638	30,053	6
2021-22	6,27,717	52,615	15,288	37,327	6
2022-23	6,81,251	59,407	17,164	42,243	6
2023-24	7,44,899	67,662	20,410	47,252	6

* *ਪੈਰਾ 1.5.1 ਦੇ ਨੀਚੇ ਨੋਟ ਅਨੁਸਾਰ*

2.4 ਕਰ ਵਸੂਲੀ ਦੀ ਕਾਰਜਕੁਸ਼ਲਤਾ

ਉ. ਜਾਇਦਾਦ ਅਤੇ ਪੂੰਜੀਗਤ ਲੇਣ ਦੇਣ ਤੇ ਕਰ

(₹ ਕਰੋੜ ਵਿੱਚ)

ਹਿੱਸੇ	2019-20	2020-21	2021-22	2022-23	2023-24
ਮਾਲੀਆ ਵਸੂਲੀ	2,325	2,538	3,393	4,319	4,456
ਵਸੂਲੀ ਦੇ ਖਰਚ	190	173	194	242	218
ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ	*8*	*7*	*6*	*6*	*5*

ਅ. ਵਸਤਾਂ ਅਤੇ ਸੇਵਾਵਾਂ ਤੇ ਕਰ

(₹ ਕਰੋੜ ਵਿੱਚ)

ਹਿੱਸੇ	2019-20	2020-21	2021-22	2022-23	2023-24
ਮਾਲੀਆ ਵਸੂਲੀ	15,899	16,539	20,068	20,579	22,718
ਵਸੂਲੀ ਦੇ ਖਰਚ	227	250	264	302	306
ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਸਤਾ	*1*	*2*	*1*	*1*	*1*

2.5 ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਨ

(₹ ਕਰੋੜ ਵਿੱਚ)

ਹਿੱਸੇ	2019-20	2020-21	2021-22	2022-23	2032-24
ਕੇਂਦਰੀ ਵਸਤੂ ਅਤੇ ਸੇਵਾ ਕਰ	2,936	3,179	4,580	4,849	6,194
ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਕਰ	..	..	..	..	..
ਨਿਗਮ ਕਰ	3,527	3,197	4,162	5,757	6,126
ਨਿਗਮ ਕਰਾਂ ਤੋਂ ਇਲਾਵਾ ਆਮਦਨ ਤੇ ਕਰ	2,764	3,276	4,714	5,616	7,075
ਸੰਪਤੀ ਤੇ ਕਰ	..	..	..	..	..
ਕੇਂਦਰੀ ਕਰਾਧਾਨ ਕਰ	..	..	1	..	..
ਕੇਂਦਰੀ ਆਬਕਾਰੀ ਕਰ	656	577	1,091	675	715
ਸੇਵਾ ਕਰ	456	359	557	212	271
ਵਸਤਾਂ ਅਤੇ ਸੇਵਾਵਾਂ	..	43	167	27	4
ਤੇ ਹੋਰ ਕਰ	7	7	16	28	25
ਕੇਂਦਰੀ ਕਰਾਂ ਵਿੱਚ ਰਾਜ ਦਾ ਕੁੱਲ ਹਿੱਸਾ	**10,346**	**10,638**	**15,288**	**17,164**	**20,410**
ਕੁੱਲ ਕਰ ਆਮਦਨ	**40,341**	**40,691**	**52,615**	**59,407**	**67,662**
ਕੁਲ ਕਰ ਆਮਦਨ ਵਿੱਚ ਕੇਂਦਰੀ ਕਰਾਂ ਦੀ ਪ੍ਰਤੀਸ਼ਸਤਾ	*26*	*26*	*29*	*29*	*30*


2.6 ਅਨੁਦਾਨ ਸਹਾਇਤਾ

ਅਨੁਦਾਨ ਸਹਾਇਤਾ ਭਾਰਤ ਸਰਕਾਰ ਵਲੋਂ ਪ੍ਰਾਪਤ ਸਹਾਇਤਾ ਨੂੰ ਦਰਸਾਉਂਦੀ ਹੈ, ਇਸ ਵਿਚ ਕੇਦਰ ਪ੍ਰਯੋਜਿਤ ਯੋਜਨਾ ਸਕੀਮਾਂ ਦੀਆਂ ਗ੍ਰਾਂਟ ਕੇਂਦਰ ਪ੍ਰਯੋਜਿਤ ਸਕੀਮਾ ਵਿੱਤ ਕਮੀਸ਼ਨ ਗ੍ਰਾਂਟਾ ਅਤੇ ਹੋਰ ਤਬਦੀਲੀ / ਗ੍ਰਾਂਟਾ ਸਾਮਿਲ ਹਨ। ਸਾਲ 2023-24 ਵਿਚ ਕੁੱਲ ₹ 14,296 ਕਰੋੜ ਦੀ ਅਨੁਦਾਨ ਸਹਾਇਤਾ ਪ੍ਰਾਪਤ ਹੋਈ ਜਿਸਦਾ ਵੇਰਵਾ ਹੇਠਾਂ ਦਿਤਾ ਗਿਆ ਹੈ :

(₹ ਕਰੋੜ ਵਿੱਚ)

ਹਿੱਸੇ	ਰਕਮ
ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ	(-) 20
ਕੇਂਦਰ ਪ੍ਰਯੋਜਿਤ ਸਕੀਮਾਂ	3,185
ਵਿੱਤ ਕਮੀਸ਼ਨ ਗ੍ਰਾਂਟ	7,388
ਹੋਰ ਤਬਦੀਲੀ/ਰਾਜ ਨੂੰ ਸਹਾਇਤਾ/ਸੰਘ ਖੇਤਰ ਵਿਧਾਨ ਸਭਾ	3,743
ਕੁਲ ਅਨੁਦਾਨ ਸਹਾਇਤਾ	**14,296**

ਅਨੁਦਾਨ ਸਹਾਇਤਾ ਦੇ ਹਿੱਸੇ




2.7 ਸਾਰਵਜਨਿਕ ਕਰਜ਼ੇ

(₹ ਕਰੋੜ ਵਿੱਚ)

ਸਾਲ	2019-20	2020-21	2021-22	2022-23	2023-24
ਅੰਦਰੂਨੀ ਕਰਜ਼ੇ	15,490	20,732	9,803	30,775	29,994
ਕੇਂਦਰੀ ਕਰਜ਼ੇ	-288	8,329	12,094	393	-412
ਕੁੱਲ	15,202	29,061	21,897	31,168	29,582

ਨੋਟ : ਮਨਫੀ ਰਕਮ ਪ੍ਰਾਪਤੀਆਂ ਨਾਲੋਂ ਅਦਾਇਗੀ ਦੇ ਵੱਧ ਨੂੰ ਦਰਸਾਉਂਦੀ ਹੈ।




ਸਾਲ 2023-24 ਦੌਰਾਨ ਕੁੱਲ ₹ 42,386 ਕਰੋੜ ਦੇ ਕੁਲ 25 ਮਾਰਕੀਟ ਕਰਜੇ ਲਿੱਤੇ ਗਏ ਜਿਨਾਂ ਦੀ ਵਿਆਜ ਦਰ 7.37 ਪ੍ਰਤੀਸ਼ਤ ਤੋਂ 7.79 ਪ੍ਰਤੀਸ਼ਤ ਹੈ, ਜਿਨਾਂ ਦੀ ਮਿਆਦ ਸਾਲ 2033, 2038, 2043 ਅਤੇ 2048 ਵਿੱਚ ਪੂਰੀ ਹੋਣਗੀ।

ਸਾਲ 2023-24 ਵਿੱਚ ਰਾਜ ਸਰਕਾਰ ਨੇ ₹ 1,02,822 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹ 212 ਕਰੋੜ ਦੇ ਕੇਂਦਰ ਤੋਂ ਕਰਜ਼ੇ ਦੇ ਵਿਰੁੱਧ ਪੂੰਜੀਗਤ ਖਰਚਾ ਸਿਰਫ ₹ 4,743 ਕਰੋੜ (ਕੁੱਲ ਕਰਜ਼ੇ ਦਾ 5 ਪ੍ਰਤੀਸ਼ਤ) ਹੀ ਕੀਤਾ ਗਿਆ। ਇਸਤੋਂ ਪਤਾ ਲਗਦਾ ਹੈ ਕਿ ਸਾਰਵਜਨਿਕ ਕਰਜ਼ੇ ਬਿਨਾ ਪਰਗਤੀ ਵਾਲੇ ਕੰਮ ਲਈ ਹੀ ਵਰਤੇ ਗਏ।

2.7.1 ਪੂੰਜੀਗਤ ਖਰਚੇ ਤੇ ਉਧਾਰ ਲਏ ਫੰਡਾਂ ਵਿੱਚ ਅਨੁਪਾਤ

(₹ ਕਰੋੜ ਵਿੱਚ)

ਸਾਲ	ਉਧਾਰ ਲਏ ਫੰਡ	ਪੂੰਜੀਗਤ ਖਰਚਾ
2019-20	54,776	17,828
2020-21	63,695	4,382
2021-22	41,175	8,010
2022-23	89,544	6,667
2023-24	1,03,034	4,743



ਆਰਥਿਕ ਅਤੇ ਸਮਾਜਿਕ ਢਾਂਚੇ ਦੀ ਰਚਨਾ/ਬਣਤਰ ਲਈ ਪੂੰਜੀ/ਸੰਪਤੀ ਲਈ ਆਮ ਤੌਰ ਤੇ ਸਰਕਾਰਾਂ ਵਿੱਤੀ ਘਾਟੇ ਜਾਂ ਉਧਾਰ ਫੰਡਾਂ ਨੂੰ ਚਾਲੂ ਰਖਦੀਆਂ ਹਨ। ਪੂੰਜੀਗਤ ਸੰਪਤੀ ਬਨਾਉਣ ਲਈ ਉਧਾਰ ਫੰਡਾਂ ਦਾ ਪੂਰਾ ਪ੍ਰਯੋਗ ਹੋਣਾ ਚਾਹੀਦਾ ਹੈ ਅਤੇ ਮਾਲੀਆ ਪ੍ਰਾਪਤੀਆਂ ਦਾ ਪ੍ਰਯੋਗ ਮੂਲ ਅਤੇ ਵਿਆਜ ਦੀ ਅਦਾਇਗੀ ਲਈ ਹੋਣਾ ਚਾਹੀਦਾ ਹੈ। ਫਿਰ ਵੀ ਸਰਕਾਰ ਨੇ ਇਸ ਸਾਲ ₹1,03,034 ਕਰੋੜ ਦੇ ਉਧਾਰ ਵਿੱਚੋਂ ਸਿਰਫ ₹ 4,743 ਕਰੋੜ (5 ਪ੍ਰਤੀਸ਼ਤ) ਪੂੰਜੀਗਤ ਖਰਚਾ ਕੀਤਾ। ਇਸਤੋਂ ਜਾਪਦਾ ਹੈ ਕਿ ਸਰਵਜਨਿਕ ਕਰਜੇ ਦਾ 95 ਪ੍ਰਤੀਸ਼ਤ ₹ 98,291 ਕਰੋੜ ਪਿਛਲੇ ਸਾਲ ਦੇ ਸਰਵਜਨਿਕ ਕਰਜੇ ਦੇ ਮੂਲ ਤੇ ਵਿਆਜ ਦੀ ਅਦਾਇਗੀ ਲਈ ਅਤੇ ਇਸ ਸਾਲ ਦੇ ਖਰਚੇ ਅਤੇ ਪ੍ਰਾਪਤੀਆਂ ਦੇ ਘਾਟੇ ਨੂੰ ਦਰੁਸਤ ਕਰਨ ਲਈ ਖਰਚ ਕੀਤਾ।

ਅਧਿਆਇ III

ਖਰਚੇ

3.1 ਭੂਮਿਕਾ

ਖਰਚ ਨੂੰ ਮਾਲੀਆ ਅਤੇ ਪੂੰਜੀਗਤ ਖਰਚ ਵਿੱਚ ਵੰਡਿਆ ਗਿਆ ਹੈ। ਮਾਲੀਆ ਖਰਚ ਸੰਗਠਨਾਂ ਦੇ ਹਰ ਰੋਜ਼ ਦੇ ਖਰਚਿਆਂ ਦੀ ਪੂਰਤੀ ਲਈ ਹੁੰਦਾ ਹੈ। ਪੂੰਜੀਗਤ ਖਰਚਾ ਸਥਾਈ ਸੰਪਦਾ ਪੈਦਾ ਕਰਨ ਲਈ ਜਾਂ ਸਥਾਈ ਸੰਪਦਾਵਾਂ ਦਾ ਉਪਯੋਗ ਵਧਾਉਣ ਲਈ ਜਾ ਸਥਾਈ ਦੇਣਦਾਰੀਆਂ ਨੂੰ ਘਟਾਉਣ ਲਈ ਕੀਤਾ ਜਾਂਦਾ ਹੈ।

ਆਮ ਸੇਵਾਵਾਂ — ਆਮ ਸੇਵਾਵਾਂ ਵਿੱਚ ਨਿਆਂ, ਪੁਲੀਸ, ਜੇਲ, ਪੀ.ਡਬਲਯੂ.ਡੀ ਪੈਨਸ਼ਨ ਆਦਿ ਸ਼ਾਮਲ ਹਨ।

ਸਮਾਜਿਕ ਸੇਵਾਵਾਂ — ਸਮਾਜਿਕ ਸੇਵਾਵਾਂ ਵਿੱਚ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਪਾਣੀ ਸਪਲਾਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਭਲਾਈ ਅਦਿ ਸ਼ਾਮਲ ਹੈ।

ਆਰਥਿਕ ਸੇਵਾਵਾਂ — ਆਰਥਿਕ ਸੇਵਾਵਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸਿੰਚਾਈ, ਸਹਿਕਾਰਤਾ, ਊਰਜਾ, ਉਦਯੋਗ, ਟ੍ਰਾਂਸਪੋਰਟ ਆਦਿ ਸ਼ਾਮਲ ਹਨ।

3.2 ਮਾਲੀਆ ਖਰਚਾ

ਸਾਲ 2023-24 ਵਿੱਚ ₹1,17,407 ਕਰੋੜ ਦਾ ਮਾਲੀਆ ਖਰਚ ਹੋਇਆ ਜੋ ਕਿ ਬਜ਼ਟ ਅਨੁਮਾਨਾਂ ਤੋਂ ₹ 9,475 ਕਰੋੜ ਵਾਧੂ ਹੈ।

ਮਾਲੀਆ ਸੈਕਸ਼ਨ ਵਿੱਚ ਬਜਟ ਅਨੁਮਾਨ ਦੇ ਮੁਕਾਬਲੇ ਖਰਚ ਵਿੱਚ ਅੰਤਰ ਦਾ ਪਿਛਲੇ 5 ਸਾਲਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

(₹ ਕਰੋੜ ਵਿੱਚ)


ਹਿੱਸੇ	2019-20	2020-21	2021-22	2022-23	2023-24
ਬਜਟ ਅਨੁਮਾਨ	90,197	95,716	1,03,880	1,07,932	1,07,932
ਅਸਲ ਖਰਚ	75,859	86,345	96,636	1,13,661	1,17,407
ਅੰਤਰ	14,337	9,371	7,244	(-)5,729	(-)9,475
ਬਜਟ ਅਨੁਮਾਨਾਂ ਤੇ ਅੰਤਰ ਦੀ ਪ੍ਰਤੀਸ਼ਤਤਾ	***16***	***10***	***7***	***(-)5***	***(-)9***

3.2.1 ਮਾਲੀਆ ਖਰਚੇ ਦੀ ਸੈਕਟਰਵਾਰ ਵੰਡ (2023-24)


(₹ ਕਰੋੜ ਵਿੱਚ)

ਲੜੀ ਨੰ	ਹਿੱਸੇ	ਰਕਮ	ਮਾਲੀਆ ਖਰਚ ਨਾਲ ਪ੍ਰਤੀਸ਼ਸਤਾ
ੳ.	ਆਮ ਸੇਵਾਵਾਂ	57,118	*49*
ੳ 1.	ਰਾਜ ਦੇ ਅੰਗ	1,653	*1*
ੳ 2.	ਵਿੱਤੀ ਸੇਵਾਵਾਂ	537	*1*
ੳ 3.	ਵਿਆਜ ਅਦਾਇਗੀ ਅਤੇ ਕਰਜੇ ਦੀ ਅਦਾਇਗੀ	24,302	*21*
ੳ 4.	ਪ੍ਰਸ਼ਾਸਨਿਕ ਸੇਵਾਵਾਂ	10,225	*9*
ੳ 5.	ਪੈਨਸ਼ਨ ਅਤੇ ਫੁਟਕਲ ਆਮ ਸੇਵਾਵਾਂ	20,401	*17*
ਅ.	ਸਮਾਜਿਕ ਸੇਵਾਵਾਂ	31,961	*27*
ੲ.	ਆਰਥਿਕ ਸੇਵਾਵਾਂ	25,032	*21*
ਸ.	ਅਨੁਦਾਨ ਸਹਾਇਤਾ ਅਤੇ ਅੰਸ਼ਦਾਨ	3,296	*3*
	ਕੁੱਲ	1,17,407	*100*

(₹ ਕਰੋੜ ਵਿੱਚ)



3.2.2 ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ



3.3 ਪੂੰਜੀਗਤ ਖਰਚੇ

ਸਾਲ 2023-24 ਵਿੱਚ ਪੂੰਜੀਗਤ ਭੁਗਤਾਨ ਸਕਲ ਰਾਜ ਘਰੇਲੂ ਉਤਪਾਦ ਦਾ 1 ਪ੍ਰਤੀਸ਼ਤ ਹੋਇਆ ਜੋ ਕਿ ਬਜਟ ਅਨੁਮਾਨ ਤੋਂ ₹7,042 ਕਰੋੜ ਘੱਟ ਸੀ।

3.3.1 ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ

(₹ ਕਰੋੜ ਵਿੱਚ)


ਲੜੀ ਨੰ.	ਭਾਗ	ਰਕਮ (₹ ਕਰੋੜ ਵਿੱਚ)	ਪ੍ਰਤੀਸ਼ਤਤਾ
ੳ.	ਆਮ ਸੇਵਾਵਾਂ– ਪੁਲਿਸ, ਲੋਕ ਨਿਰਮਾਣ ਆਦਿ	259	*5*
ਅ.	ਸਮਾਜਿਕ ਸੇਵਾਵਾਂ– ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਜਲ ਪੂਰਤੀ ਅਤੇ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਆਦਿ ਦੀ ਭਲਾਈ	2,205	*45*
ੲ.	ਆਰਥਿਕ ਸੇਵਾਵਾਂ– ਖੇਤੀਬਾੜੀ, ਦਿਹਾਤੀ ਵਿਕਾਸ, ਸਿੰਚਾਈ, ਸਹਿਕਾਰਤਾ ਊਰਜਾ, ਉਦਯੋਗ ਅਤੇ ਆਵਾਜਾਈ ਆਦਿ	2,279	*46*
ਸ.	ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ	196	*4*
	ਕੁੱਲ	**4,939**	***100***

3.3.2 ਪਿਛਲੇ 5 ਸਾਲਾਂ ਦੌਰਾਨ ਪੰਜੀਗਤ ਖਰਚੇ ਦੀ ਖੇਤਰ ਵਾਰ ਵੰਡ

(₹ ਕਰੋੜ ਵਿੱਚ)

ਸਾਲ	ਆਮ ਸੇਵਾਵਾਂ	ਸਮਾਜਿਕ ਸੇਵਾਵਾਂ	ਆਰਥਿਕ ਸੇਵਾਵਾਂ	ਕਰਜ ਅਤੇ ਪੇਸ਼ਗੀਆਂ	ਕੁੱਲ
2019-20	154	965	16,709	784	18,612
2020-21	211	2,251	1,920	956	5,338
2021-22	264	2,911	4,835	1,576	9,586
2022-23	225	4,041	2,401	1,382	8,049
2023-24	259	2,205	2,279	196	4,939

ਪੂੰਜੀਗਤ ਖਰਚੇ ਦੀ ਖੇਤਰਵਾਰ ਵੰਡ




3.4 ਬਚਨਬੱਧ ਖਰਚੇ

(₹ ਕਰੋੜ ਵਿੱਚ)

ਸਾਲ	ਤਨਖਾਹ	ਵਿਆਜ	ਪੈਨਸ਼ਨ	ਕੁੱਲ
2019-20	20,857	17,567	11,676	50,100
2020-21	21,198	18,152	14,777	54,127
2021-22	23,683	19,063	14,737	57,483
2022-23	27,584	19,905	18,221	65,710
2023-24	28,475	22,552	20,096	71,123

ਬਚਨਬੱਧ ਖਰਚੇ ਦਾ ਰੁਝਾਨ



ਪ੍ਰਤੀਬੱਧ ਖਰਚੇ ਬਨਾਮ ਮਾਲੀਆ ਖਰਚੇ ਅਤੇ ਮਾਲੀਆ ਪ੍ਰਾਪਤੀਆਂ

(₹ ਕਰੋੜ ਵਿੱਚ)

ਹਿੱਸੇ	2019-20	2020-21	2021-22	2022-23	2023-24
ਪ੍ਰਤੀਬੱਧ ਖਰਚੇ	50,100	54,127	57,483	65,710	71,123
ਮਾਲੀਆ ਪ੍ਰਾਪਤੀਆਂ	61,575	69,048	78,168	87,616	89,192
ਪ੍ਰਤੀਬੱਧ ਖਰਚੇ ਤੇ ਮਾਲੀਆ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ	81	78	74	75	80
ਮਾਲੀਆ ਖਰਚੇ	75,859	86,345	96,636	1,13,661	1,17,407
ਪ੍ਰਤੀਬੱਧ ਖਰਚੇ ਤੇ ਮਾਲੀਆ ਖਰਚੇ ਦੀ ਪ੍ਰਤੀਸ਼ਤਤਾ	*66*	*63*	*60*	*58*	*61*

ਪ੍ਰਤੀਬੱਧ ਖਰਚੇ ਦਾ ਉਪਰ ਵੱਲ ਰੁਝਾਣ ਸਰਕਾਰ ਦੇ ਵਿਕਾਸ ਖੇਤਰ ਲਈ ਘੱਟ ਲਚਕਤਾ ਦਰਸਾਉਂਦਾ ਹੈ।

ਅਧਿਆਇ IV

ਨਮਿੱਤਣ ਲੇਖੇ

4.1 ਸਾਲ 2023-24 ਲਈ ਨਮਿੱਤਣ ਲੇਖਿਆਂ ਦਾ ਸਾਰ

(₹ ਕਰੋੜ ਵਿੱਚ)

ਲੜੀ ਨੰ.	ਖਰਚ ਦੀ ਕਿਸਮ	ਮੂਲ ਗ੍ਰਾਂਟ	ਅਨੁਪੂਰਕ ਗ੍ਰਾਂਟ	ਕੁਲ	ਅਸਲ ਖਰਚ	ਬਚਤ (–) ਵਧੀਕ (+)
1.	**ਮਾਲੀਆ ਖਰਚ** ਵੋਟਿਡ ਚਾਰਜਡ	1,00,149 23,292	2,350 1,309	1,02,499 24,601	93,210 24,624	(-)9,289 23
2.	**ਪੂੰਜੀਗਤ ਖਰਚੇ** ਵੋਟਿਡ	10,355	345	10,700	4,899	(-)5,801
3.	**ਸਾਰਵਜਨਿਕ ਕਰਜੇ** ਚਾਰਜਡ	61,626	8,000	69,626	73,452	3,826
4.	**ਕਰਜੇ ਅਤੇ ਪੇਸ਼ਗੀਆਂ** ਵੋਟਿਡ	1,041	42	1,083	196	(-)887
	ਕੁਲ	1,96,463	12,046	2,08,509	1,96,381	(-)12,128

4.2 ਪਿਛਲੇ ਪੰਜ ਸਾਲਾਂ ਦੌਰਾਨ ਬਚਤ/ਵਧੀਕ ਦਾ ਰੁਝਾਨ

(₹ ਕਰੋੜ ਵਿੱਚ)

ਬਚਤ (–) ਵਧੀਕ (+)					
ਸਾਲ	ਮਾਲੀਆ	ਪੂੰਜੀਗਤ	ਸਾਰਵਜਨਿਕ ਕਰਜ	ਕਰਜ਼ੇ ਤੇ ਪੇਸ਼ਗੀਆਂ	ਕੁਲ
2019-20	(-)17,106	(-)4,816	(-)5,066	(-)190	(-)27,178
2020-21	(-)14,778	(-)5,741	(-)13,294	(-)106	(-)33,919
2021-22	(-)15,255	(-)7,916	(-)29,234	(-)430	(-)52,835
2022-23	(-)5,308	(-)5,510	(-)1,570	(-)42	(-)12,430
2023-24	(-)9,266	(-)5,801	3,826	(-)887	(-)12,128

4.3 ਮਹੱਤਵਪੂਰਨ ਬੱਚਤਾਂ

ਕੁੱਝ ਸਕੀਮਾਂ/ਪ੍ਰੋਗਰਾਮਾਂ ਵਿੱਚ ਵਾਧੂ ਬੱਚਤਾਂ ਇਹ ਦਰਸਾਉਂਦੀਆਂ ਹਨ ਕਿ ਇਹ ਸਕੀਮਾਂ/ਪ੍ਰੋਗਰਾਮ ਜਾਂ ਤਾਂ ਹੋਲੀ ਲਾਗੂ ਹੋਏ ਜਾਂ ਬਿਲਕੁਲ ਲਾਗੂ ਨਹੀਂ ਹੋਏ।

ਲਗਾਤਾਰ ਅਤੇ ਮਹੱਤਵਪੂਰਣ ਬੱਚਤਾਂ ਵਾਲੀਆਂ ਕੁੱਝ ਅਨੁਦਾਨਾਂ ਹੇਠ ਲਿਖੀਆਂ ਹਨ:

ਪ੍ਰਤੀਸਸਤਾ

ਅਨੁਦਾਨ ਨੰ	ਅਨੁਦਾਨ ਦਾ ਨਾਮ	2019-20	2020-21	2021-22	2022-23	2023-24
17	ਸਥਾਨਿਕ ਸਰਕਾਰ	46	21	39	27	41
23	ਪੇਡੂ ਵਿਕਾਸ ਅਤੇ ਪੰਚਾਇਤ	67	36	50	30	51
28	ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ	42	36	61	46	41
31	ਰੋਜਗਾਰ	64	45	81	58	68
34	ਬਾਗਵਾਨੀ	45	43	80	48	59
41	ਜਲ ਵਿਤਰਣ ਅਤੇ ਸਵੱਛਤਾ	48	37	42	40	39

ਸਾਲ 2023-24 ਦੌਰਾਨ ਕੁੱਝ ਅਜਿਹੀਆਂ ਮੂਲ ਅਨੁਦਾਨਾਂ ਹਨ ਜਿਨ੍ਹਾਂ ਵਿੱਚ ਕਾਫੀ ਬੱਚਤ ਹੋਈ ਫੇਰ ਵੀ ₹12,046 ਕਰੋੜ ਦੀਆਂ ਅਨੁਪੂਰਕ ਅਨੁਦਾਨਾਂ ਦਾ ਗੈਰ ਜ਼ਰੂਰੀ ਪ੍ਰਾਵਧਾਨ ਕੀਤਾ ਗਿਆ।

ਕੁੱਝ ਉਦਾਹਰਣ ਹੇਠਾਂ ਲਿਖੇ ਹਨ:

(₹ ਕਰੋੜ ਵਿੱਚ)

ਅਨੁਦਾਨ ਨੰ.	ਅਨੁਦਾਨ ਦਾ ਨਾਮ	ਭਾਗ	ਮੂਲ	ਅਨੁਪੂਰਕ	ਅਸਲ ਖਰਚਾ
5	ਸਿੱਖਿਆ	ਪੂੰਜੀਗਤ (ਵ)	682	116	441
09	ਭੋਜਨ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ	ਮਾਲੀਆ (ਵ)	779	149	753
11	ਸਿਹਤ ਅਤੇ ਪਰਿਵਾਰ ਭਲਾਈ	ਮਾਲੀਆ (ਵ)	4,721	406	4,303
25	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ	ਮਾਲੀਆ (ਵ)	7,487	199	7,196
41	ਜਲ ਵਿਤਰਣ ਅਤੇ ਸਵੱਛਤਾ	ਮਾਲੀਆ (ਵ)	981	50	935

ਸਾਲ ਦੇ ਅੰਤ ਵਿੱਚ ਅਨੁਪੂਰਕ ਵੰਡ ਤੋਂ ਬਾਅਦ ਵੀ ਵਾਧੂ ਖਰਚਾ ਹੋਨ ਤੇ ਅਨੁਦਾਨਾ ਦਾ ਉਦਾਹਰਨ ਹੇਠ ਲਿਖਿਆ ਹੈ :

ਅਨੁਦਾਨ ਨੰ.	ਅਨੁਦਾਨ ਦਾ ਨਾਮ	ਭਾਗ	ਮੂਲ	ਅਨੁਪੂਰਕ	ਅਸਲ ਖਰਚਾ
04	ਰੱਖਿਆ ਸੇਵਾਵਾਂ ਭਲਾਈ	ਮਾਲੀਆ (ਵ)	63	6	112
08	ਵਿੱਤ	ਮਾਲੀਆ (ਵ)	19,067	91	20,305
08	ਵਿੱਤ	ਮਾਲੀਆ (ਸ)	23,000	1,250	24,302
08	ਵਿੱਤ	ਪੂੰਜੀਗਤ (ਸ)	61,626	8,000	73,452
22	ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ	ਮਾਲੀਆ (ਵ)	1,825	312	2,314

ਅਧਿਆਇ V


ਸੰਪਦਾ ਅਤੇ ਦੇਣਦਾਰੀਆਂ

5.1 ਸੰਪਦਾ

ਲੇਖਿਆ ਦਾ ਮੌਜੂਦਾ ਰੂਪ ਸਰਕਾਰੀ ਸੰਪਦਾਵਾਂ ਜਿਵੇਂ ਜਮੀਨ, ਇਮਾਰਤਾਂ ਆਦਿ (ਪ੍ਰਾਪਤੀ ਜਾਂ ਖਰੀਦ ਦੇ ਸਾਲ ਨੂੰ ਛੱਡ ਕੇ) ਦਾ ਅਸਾਨੀ ਨਾਲ ਮੂਲਾਂਕਣ ਨਹੀਂ ਕਰਦਾ। ਇਸ ਤਰਾਂ ਲੇਖੇ ਮੌਜੂਦਾ ਸਾਲ ਵਿੱਚ ਹੋਣ ਵਾਲੀਆਂ ਦੇਣਦਾਰੀਆਂ ਦਾ ਅਸਰ ਤਾਂ ਦਰਸਾਉਂਦੇ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਤੇ (ਵਿਆਜ ਦਰ ਅਤੇ ਕਰਜ਼ੇ ਦੀ ਮਿਆਦ ਨੂੰ ਛੱਡ ਕੇ) ਕੋਈ ਹੋਰ ਅਸਰ ਨਹੀਂ ਦਰਸਾਉਂਦੇ ਹਨ।

ਸਾਲ 2023-24 ਦੇ ਅੰਤ ਤੱਕ ਕੁੱਲ ₹ 20,040 ਕਰੋੜ ਦਾ ਨਿਵੇਸ਼ ਹੋਇਆ। ਸਾਲ ਦੌਰਾਨ ₹ 4.12 ਕਰੋੜ ਦਾ ਲਾਭਾਂਸ਼ ਪ੍ਰਾਪਤ ਹੋਇਆ । 2023-24 ਵਿੱਚ ਕੁੱਲ ₹ 5,000 ਦਾ ਵਿਨਿਵੇਸ਼ ਹੋਇਆ।

1 ਅਪ੍ਰੈਲ 2023 ਨੂੰ ਭਾਰਤੀ ਰਿਜ਼ਰਵ ਬੈਂਕ ਵਿੱਚ ₹366 ਕਰੋੜ ਨਕਦ ਬਕਾਇਆ ਸੀ ਅਤੇ 31 ਮਾਰਚ 2024 ਨੂੰ ₹192 ਕਰੋੜ ਸੀ।



5.2 ਕਰਜੇ ਅਤੇ ਦੇਣਦਾਰੀਆਂ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 293 ਰਾਜ ਸਰਕਾਰ ਰਾਜ ਵਿਧਾਨ ਸਭਾ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤਾ ਗਿਆ ਅਜਿਹੀਆਂ ਸੀਮਾਵਾਂ, ਜੇ ਕੋਈ ਹੋਵੇ, ਦੇ ਅੰਦਰ ਰਾਜ ਦੇ ਏਕੀਕ੍ਰਿਤ ਫੰਡ ਦੀ ਸੁਰੱਖਿਆ ਤੇ ਉਧਾਰ ਲੈਣ ਦਾ ਅਧਿਕਾਰ ਦਿੰਦਾ ਹੈ।

31 ਮਾਰਚ 2024 ਨੂੰ ₹ 3,06,041 ਕਰੋੜ ਦੇ ਬਕਾਇਆ ਸਾਰਵਜਨਿਕ ਕਰਜੇ ਸੀ ਜਿਸ ਵਿੱਚ ₹2,80,966 ਕਰੋੜ ਦੇ ਅੰਦਰੂਨੀ ਕਰਜੇ ਅਤੇ ₹ 25,075 ਕਰੋੜ ਦੇ ਕੇਂਦਰੀ ਸਰਕਾਰ ਤੋਂ ਲਿੱਤੇ ਗਏ ਕਰਜ਼ੇ ਤੇ ਪੇਸ਼ਗੀਆਂ ਸ਼ਾਮਲ ਹਨ। ₹ 40,144 ਕਰੋੜ ਦੀਆਂ ਹੋਰ ਦੇਣਦਾਰੀਆਂ ਸਾਰਵਜਨਿਕ ਲੇਖੇ ਦੇ ਅਧੀਨ ਹਨ।

ਰਾਜ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ ਅਤੇ ਡਿਪਾਜ਼ਿਟ ਆਦਿ ਦੇ ਸਬੰਧ ਵਿੱਚ ਇੱਕ ਬੈਂਕਰ ਅਤੇ ਟਰੱਸਟੀ ਵਜੋਂ ਵੀ ਕੰਮ ਕਰਦਾ ਹੈ। 2023-24 ਦੌਰਾਨ ਰਾਜ ਸਰਕਾਰ ਦੀਆਂ ਅਜਿਹੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਕੁੱਲ ਮਿਲਾ ਕੇ ₹2,382 ਕਰੋੜ ਦਾ ਵਾਧਾ ਹੋਇਆ ਕਰਜ਼ੇ ਅਤੇ ਹੋਰ ਦੇਣਦਾਰੀਆਂ ਤੇ ਵਿਆਜ ਦੀਆਂ ਅਦਾਇਗੀਆਂ ਕੁੱਲ ₹ 22,489 ਕਰੋੜ ਸੀ ਜੋਕਿ ₹1,17,407 ਕਰੋੜ ਦੇ ਮਾਲੀਆ ਖਰਚੇ ਦਾ 19 ਪ੍ਰਤੀਸ਼ਤ ਹੈ। ਸਾਰਵਜਨਿਕ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ₹20,234 ਕਰੋੜ (₹ 19,770 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹264 ਕਰੋੜ ਕੇਂਦਰੀ ਸਰਕਾਰ ਤੋਂ ਲਏ ਗਏ ਕਰਜ਼ੇ ਤੇ ਪੇਸ਼ਗੀਆਂ ਦੇ ਵਿਆਜ ਉਪਰ ਹਨ)। ਸਾਲ 2023-24 ਵਿੱਚ ਵਿਆਜ ਅਦਾਇਗੀਆਂ ਦੇ ਖਰਚੇ ਵਿੱਚ 2022-23 ਦੇ ਮੁਕਾਬਲੇ ₹ 2,641 ਕਰੋੜ ਦਾ ਵਾਧਾ ਹੋਇਆ।

ਸਾਲ 2023-24 ਦੇ ਦੌਰਾਨ ₹1,02,822 ਕਰੋੜ ਦੇ ਲਏ ਗਏ ਅੰਦਰੂਨੀ ਕਰਜ਼ੇ ਮੁੱਖ ਤੌਰ ਤੇ ਦੇਣਦਾਰੀਆਂ (₹ 72,828 ਕਰੋੜ) ਅਤੇ ਵਿਆਜ ਦੀਆਂ ਅਦਾਇਗੀਆਂ (₹ 28,489 ਕਰੋੜ) ਲਈ ਵਰਤੇ ਗਏ।

ਸਾਰਵਜਨਿਕ ਕਰਜ਼ੇ ਅਤੇ ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(₹ ਕਰੋੜ ਵਿੱਚ)


ਸਾਲ	ਜੀ ਐਸ ਡੀ ਪੀ *	ਸਾਰਵਜਨਿਕ ਕਰਜ਼	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ	ਸਾਰਵਜਨਿਕ ਲੇਖੇ	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ	ਕੁੱਲ ਦੇਣਦਾਰੀਆਂ**	ਜੀ ਐਸ ਡੀ ਪੀ ਨਾਲ ਪਤੀਸ਼ਤਤਾਂ
2019-20	5,37,031	1,94,333	36	35,302	7	2,29,660	43
2020-21	5,40,853	2,23,394	41	36,007	7	2,59,426	48
2021-22	6,27,717	2,45,291	39	39,702	6	2,85,018	45
2022-23	6,81,251	2,76,459	41	44,441	7	3,20,925	47
2023-24	7,44,899	3,06,041	41	49,102	7	3,55,168	48

* *ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ*

** *ਅਚੇਤ ਫੰਡ ਦੇ 25 ਕਰੋੜ ਰੁਪਏ ਸ਼ਾਮਲ ਹਨ*

ਪਿਛਲੇ ਪੰਜ ਸਾਲਾਂ ਵਿੱਚ ਨਿਰੋਲ ਦੇਣਦਾਰੀਆਂ ਵਿੱਚ ₹1,25,508 ਕਰੋੜ (55 ਪ੍ਰਤੀਸ਼ਤ) ਦਾ ਨਿਰੋਲ ਵਾਧਾ ਹੋਇਆ।

ਸਰਕਾਰੀ ਦੇਣਦਾਰੀਆਂ ਦਾ ਰੁਝਾਨ



5.3 ਗਰੰਟੀਆਂ

ਸਾਲ 2023-24 ਵਿੱਚ ਰਾਜ ਸਰਕਾਰ ਦੁਆਰਾ ਵੱਧ ਤੋਂ ਵੱਧ ₹33,760 ਕਰੋੜ ਦੀ ਗਰੰਟੀ ਅਧਿਨਿਯਮਿਤ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਬੈਂਕਾਂ, ਸਥਾਨਕ ਸੰਸਥਾਵਾਂ ਦੁਆਰਾ ਲਏ ਕਰਜ਼ੇ ਦੀ ਵਾਪਸੀ ਲਈ ਦਿੱਤੀ ਗਈ ਜਦੋਂ ਕਿ 31 ਮਾਰਚ 2024 ਨੂੰ ₹22,691 ਕਰੋੜ ਦੀ ਰਕਮ ਬਕਾਇਆ ਸੀ। 2023-24 ਵਿੱਚ ₹205 ਕਰੋੜ ਦੀ ਰਕਮ ਗਰੰਟੀ ਫੀਸ ਵੱਜੋਂ ਪ੍ਰਾਪਤ ਹੋਣੀ ਸੀ। ਜਦਕਿ ਕੇਵਲ 2 ਅਦਾਰਿਆਂ ਵੱਲੋਂ ₹57 ਕਰੋੜ ਦੀ ਗਰੰਟੀ ਫੀਸ ਦਿੱਤੀ ਗਈ।

(₹ ਕਰੋੜ ਵਿੱਚ)

ਵਿੱਤੀ ਸਾਲ	ਵੱਧ ਤੋਂ ਵੱਧ ਦਿੱਤੀ ਗਈ ਗਰੰਟੀ	ਸਾਲ ਦੇ ਅੰਤ ਵਿੱਚ ਬਕਾਇਆ ਰਕਮ
2019-20	14,434	25,352
2020-21	23,170	23,552
2021-22	25,850	20,165
2022-23	27,809	20,208
2023-24	33,760	22,691

ਅਧਿਆਇ VI

ਹੋਰ ਮੱਦਾ

6.1 ਵਸਤੂ ਅਤੇ ਸੇਵਾ ਟੈਕਸ (GST) :

ਸਾਲ 2023-24 ਦੌਰਾਨ ਰਾਜ ਮਾਲ ਅਤੇ ਸੇਵਾਂਵਾਂ ਕਰ (SGST) ਦੀ ਪ੍ਰਾਪਤੀ ₹20,925 ਕਰੋੜ ਹੋਈ, ਜਦੋਂ ਕਿ ਸਾਲ 2022-23 ਦੌਰਾਨ ਕੁਲੈਕਸ਼ਨ ₹18,128 ਕਰੋੜ ਜੋ ਕਿ ₹2,797 ਕਰੋੜ ਵਧ ਹੈ। ਇਸ ਤੋ ਇਲਾਵਾ ਰਾਜ ਵਲੋ 14 ਵੇਂ ਵਿਤ ਕਮੀਸਨ ਦੀਆਂ ਸਿਫਾਰਿਸ਼ਾਂ ਅਨੁਸਾਰ ਰੁਪਏ 6,194 ਕਰੋੜ ਰੁਪਏ CGST ਵਿਚੋ ਆਪਣਾ ਹਿਸਾ ਪ੍ਰਾਪਤ ਕੀਤਾ। GST ਅਧੀਨ ਕੁਲ ਪ੍ਰਾਪਤੀਆਂ 27,119 ਕਰੋੜ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸਾਲ 2023-24 ਦੌਰਾਨ 3,671 ਕਰੋੜ ਰੁਪਏ GST ਲਾਗੂ ਹੋਣ ਕਾਰਨ ਹੋਏ ਨੁਕਸਾਨ ਵਜੋ ਪ੍ਰਾਪਤ ਹੋਏ।

6.2 ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ :

ਡਰਾਇੰਗ ਅਤੇ ਵੰਡਣ ਵਾਲੇ ਅਧਿਕਾਰੀ ਸਰਵਿਸ ਹੈੱਡਾਂ ਨੂੰ ਡੈਬਿਟ ਕਰਕੇ ਐਬਸਟਰੈਕਟ ਕੰਟੀਜੈਂਟ (AC) ਬਿਲ ਤਿਆਰ ਕਰਕੇ ਪੈਸੇ ਕੱਢਣ ਲਈ ਅਧਿਕਾਰਤ ਹਨ। ਉਹਨਾਂ ਨੂੰ 11 ਨਵੰਬਰ ਅਤੇ 19 ਦਸੰਬਰ 2016 ਨੂੰ ਰਾਜ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੇ ਅਨੁਸਾਰ ਸੋਧੇ ਹੋਏ ਪੰਜਾਬ ਖਜ਼ਾਨਾ ਨਿਯਮਾਂ ਦੇ ਨਿਯਮ 274 ਦੇ ਤਹਿਤ 6 ਮਹੀਨਿਆਂ ਦੇ ਅੰਦਰ ਇਹਨਾਂ ਸਾਰੇ ਬਿੱਲਾਂ ਦੇ ਵਿਰੁਧ ਵਿੱਚ ਕੰਟਰੋਲਿੰਗ ਅਫਸਰ ਦੁਆਰਾ ਵਿਵਸਥਿਤ ਤੌਰ ਤੇ ਪ੍ਰਤੀ ਦਸਤਖਤ ਕੀਤੇ ਵਿਸਤ੍ਰਿਤ ਕੰਟੀਨਜੈਂਟ (DC) ਬਿੱਲਾਂ ਨੂੰ ਪੇਸ਼ ਕਰਨ ਦੀ ਲੋੜ ਹੁੰਦੀ ਹੈ। ਲੰਬੇ ਸਮੇਂ ਤੱਕ ਅਨੁਸਾਰੀ (DC) ਬਿੱਲਾਂ ਨੂੰ ਜਮ੍ਹਾ ਨਹੀਂ ਕਰਨਾ AC ਬਿੱਲਾਂ ਦੇ ਅਧੀਨ ਖਰਚੇ ਨੂੰ ਅਪਾਰਦਰਸ਼ੀ ਬਣਾਉਂਦਾ ਹੈ।

31 ਮਾਰਚ 2023 ਤੱਕ ਦੇ ਬਕਾਇਆ ਬਿਉਰੇਵਾਰ ਸੰਭਾਵੀ ਬਿੱਲ ਹੇਠ ਲਿਖੇ ਹਨ:

ਸਾਲ	ਬਕਾਇਆ ਬਿਉਰੇਬਰ ਸੰਭਾਵੀ ਬਿੱਲ	
	ਗਿਣਤੀ	ਰਕਮ *(₹ ਕਰੋੜ ਵਿੱਚ)*
2022-23 ਤੱਕ	1,098	1,747
2023-24 (ਸਤੰਬਰ 2023 ਤੱਕ ਕਢਵਾਏ ਗਏ)	939	1,058
ਕੁੱਲ	**2,037**	**2,805**

6.3 ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਦੇ ਬਕਾਇਆ ਵਰਤੋਂ ਸਰਟੀਫੀਕੇਟ :

ਪੰਜਾਬ ਵਿੱਤੀ ਨਿਯਮ ਵਾਲੂਯਮ ਦੇ ਨਿਯਮ 8.14 (ਲ) ਮੁਤਾਬਿਕ ਵਰਤੋਂ ਸਰਟੀਫਿਕੇਟ ਅਨੁਦਾਨ ਸਹਾਇਤਾ ਦੀ ਸਵੀਕ੍ਰਿਤੀ ਤੋਂ 18 ਮਹੀਨੇ ਦੇ ਅੰਦਰ ਸਹਾਲੇਖਾਕਾਰ ਪੰਜਾਬ ਨੂੰ ਪੇਸ਼ ਕਰਨੇ ਚਾਹੀਦੇ ਹਨ। ਬਕਾਇਆ ਵਰਤੋਂ ਸਰਟੀਫਿਕੇਟਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹਨ :

ਸਾਲ	ਪ੍ਰਾਪਤ ਹੋਣ ਵਾਲ ਵਰਤੋ ਸਰਦੀਫੀਕੇਟਾਂ ਦੀ ਗਿਣਤੀ	ਰਕਮ (₹ ਕਰੋੜਾਂ ਵਿਚ)
2022-23 ਤੱਕ	329	1,770
2023-24 (ਮਹੀਨਾ ਸਤੰਬਰ 2022 ਤੱਕ ਡਰਾਅ ਕੀਤੇ)	268	1,320
ਕੁੱਲ	597	3,090

(ਉਪਰ ਜਿਕਰ ਕੀਤਾ ਸਾਲ ਡਿਓ ਸਾਲ ਨਾਲ ਸਬੰਧਤ ਹੈ ਯਾਨੀ ਅਸਲ ਡਰਾਅਲ ਤੋਂ ਅਠਾਰਾ ਮਹੀਨਿਆ ਬਾਅਦ)

ਵਰਤੋਂ ਸਰਟੀਫੀਕੇਟਾਂ ਦਾ ਦੇਰ ਨਾਲ ਪੇਸ ਹੋਣਾ ਜਾ ਨਾਂ ਭੇਜਣ ਨਾਲ ਫੰਡਾ ਦੀ ਵਰਤੋ ਸਹੀ ਕੰਮਾ ਉੱਤੇ ਹੋਣ ਵਿੱਚ ਅੰਦੇਸ਼ਾ ਰਹਿੰਦਾ ਹੈ।

6.4 ਸਮੇਕਿਤ ਕਰਜ਼ ਭੁਗਤਾਨ ਫੰਡ :

ਪੰਜਾਬ ਸਰਕਾਰ ਨੇ 20 ਦਸੰਬਰ 2006 ਦੇ ਹੁਕਮਾਂ ਰਾਹੀ ਸਮੇਕਿਤ ਕਰਜ ਭੁਗਤਾਨ ਫੰਡ ਦੀ ਸਥਾਪਨਾ ਕੀਤੀ । ਰਾਜ ਸਰਕਾਰ ਦੁਆਰਾ ਪਿਛਲੇ ਵਿੱਤੀ ਸਾਲ ਦੇ ਅੰਤ ਤੇ ਬਕਾਇਆ ਦੇਣਕਾਰੀ ਦੀ ਰਕਮ ਦਾ ਘੱਟੋ-ਘੱਟ 0.50 ਪ੍ਰਤੀਸ਼ਤ ਦਾ ਯੋਗਦਾਨ ਕੀਤਾ ਜਾਣਾ ਸੀ। ਸਾਲ 2023-24 ਵਿੱਚ, ਸਰਕਾਰ ਨੇ ₹1,444 ਕਰੋੜ ਦੇ ਘੱਟੋ-ਘੱਟ ਲੋੜੀਂਦੇ ਯੋਗਦਾਨ ਦੇ ਮੁਕਾਬਲੇ ਫੰਡ ਵਿੱਚ ₹ 1,750 ਕਰੋੜ ਦਾ ਯੋਗਦਾਨ ਪਾਇਆ। 31 ਮਾਰਚ 2024 ਤੱਕ ਫੰਡ ਵਿੱਚ ਕੁੱਲ ਇਕੱਤਰਤਾ ₹8,617 ਕਰੋੜ ਸੀ।

6.5 ਗਰੰਟੀ ਰਿਡੰਮਪਸ਼ਨ ਫੰਡ :

ਬਾਹਰਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾ ਮੁਤਾਬਿਕ ਰਾਜ ਸਰਕਾਰ ਨੇ ਦਸੰਬਰ 2007 ਨੂੰ (ਜਿਸਦੀ ਸੋਧ ਸਾਲ 2013-14 ਲਈ 8 ਜਨਵਰੀ 2014 ਨੂੰ ਕੀਤੀ ਗਈ ਅਤੇ ਫਿਰ ਦੁਬਾਰਾ ਸੋਧ 2017-18 ਲਈ 23 ਅਕਤੂਬਰ 2018 ਨੂੰ ਕੀਤੀ ਗਈ) ਜਿਸਦਾ ਉਦੇਸ਼ ਰਾਜ ਪੱਧਰ ਦੀਆਂ ਸੰਸਥਾਵਾਂ ਨੂੰ ਗਰੰਟੀ ਦੇਣ ਵਜੋਂ ਪੈਦਾ ਹੋਈਆ ਇਖਲਾਕੀ ਬੰਦਿਸ਼ਾ ਨੂੰ ਪੂਰਾ ਕਰਨਾ ਸੀ। ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਫੰਡ ਦੀ ਸਥਾਪਨਾ ਸਰਕਾਰ ਦੁਆਰਾ ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਾਰੰਟੀ ਦੇ ਘੱਟੋ-ਘੱਟ ਇੱਕ ਪ੍ਰਤੀਸ਼ਤ ਦੇ ਸ਼ੁਰੂਆਤੀ ਯੋਗਦਾਨ ਨਾਲ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਘੱਟੋ-ਘੱਟ 3.00 ਪ੍ਰਤੀਸ਼ਤ ਦੇ ਪੱਧਰ ਪ੍ਰਾਪਤ ਕਰਨ ਲਈ ਹਰ ਸਾਲ ਘੱਟੋ-ਘੱਟ 0.50 ਪ੍ਰਤੀਸ਼ਤ ਵਧਾਣਾ ਸੀ ਅਤੇ ਅਗਲੇ ਪੰਜ ਸਾਲਾਂ ਵਿੱਚ ਫੰਡ ਹੌਲੀ-ਹੌਲੀ 5.00 ਪ੍ਰਤੀਸ਼ਤ ਦੇ ਇੱਛਤ ਪੱਧਰ ਤੱਕ ਵਧਾ ਦਿੱਤਾ ਜਾਵੇਗਾ। ਸਾਲ ਦੌਰਾਨ ਸਰਕਾਰ ਵੱਲੋ ₹606 ਕਰੋੜ ਦੇ ਬਣਦੇ ਘਟੋ ਘੱਟ ਯੋਗਦਾਨ ਵਿਰੁਧ ਕੋਈ ਯੋਗਦਾਨ ਨਹੀ ਕੀਤਾ। ਇਸ ਤੋਂ ਇਲਾਵਾ, ਸਕੀਮ ਦੇ ਉਪਬੰਧ ਦੇ ਅਨੁਸਾਰ, ਇਕੱਠੀ ਕੀਤੀ ਗਈ ਗਰੰਟੀ ਫੀਸ ਫੰਡ ਵਿੱਚ ਟ੍ਰਾਂਸਫਰ ਕਰਨ ਦੀ ਲੋੜ ਹੁੰਦੀ ਹੈ। ਸਾਲ 2023-24 ਦੌਰਾਨ ਇਕੱਠੀ ਕੀਤੀ ਗਈ ₹ 57 ਕਰੋੜ ਦੀ ਗਰੰਟੀ ਫੀਸ ਫੰਡ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ। ਫੰਡ ਵਿੱਚ ₹57 ਕਰੋੜ ਦੀ ਗਰੰਟੀ ਫੀਸ ਦਾ ਤਬਾਦਲਾ ਨਾ ਕਰਨ ਦੇ ਨਤੀਜੇ ਵਜੋਂ ਮਾਲੀਆ ਰਸੀਦਾਂ ਵਿੱਚ ਵਾਧਾ ਹੋਇਆ ਹੈ।

6.6 ਵਿਭੱਾਗੀ ਅਫਸਰਾਂ ਕੋਲ ਨਕਦ :

ਕੋਡਲ ਪ੍ਰਬੰਧਾਂ ਦੇ ਅਨੁਸਾਰ, ਲੋਕ ਨਿਰਮਾਣ ਡਿਵੀਜ਼ਨਾਂ ਦੁਆਰਾ ਗੈਰ-ਸਰਕਾਰੀ ਏਜੰਸੀਆਂ ਤੋਂ ਡਿਪਾਜ਼ਿਟ ਵਰਕਸ ਲਈ ਪ੍ਰਾਪਤ ਕੀਤੇ ਫੰਡਾਂ ਨੂੰ ਮੇਜਰ ਰੇਡ 8443-ਸਿਵਲ ਡਿਪਾਜ਼ਿਟ ਮਾਈਨਰ ਹੈਡ 108-ਲੋਕ ਵਰਕਸ ਡਿਪਾਜ਼ਿਟ ਹੇਠਾਂ ਕ੍ਰੈਡਿਟ ਕੀਤਾ ਜਾਣਾ ਜ਼ਰੂਰੀ ਹੈ। ਸਬੰਧਤ ਡਿਪਾਜ਼ਿਟ ਕੰਮਾਂ ਲਈ ਖਰਚੇ ਵੀ ਖਾਤੇ ਦੇ ਉਸੇ ਸਿਰਲੇਖ ਤੋਂ ਪੂਰੇ ਕੀਤੇ ਜਾਂਦੇ ਹਨ। ਮਾਸਿਕ ਡਿਵੀਜ਼ਨਲ ਖਾਤਿਆਂ ਵਿੱਚ ਅਜਿਹੀਆਂ ਜਮ੍ਹਾਂ ਰਕਮਾਂ ਨੂੰ ਮੇਜਰ ਹੈਡ 8671-ਵਿਭਾਗੀ ਬਕਾਏ, 101- ਸਿਵਲ, PWD ਡਿਵੀਜ਼ਨਾਂ ਦੁਆਰਾ ਦਰਸਾਇਆ ਜਾਂਦਾ ਹੈ, ਇਸ ਲਈ ਇਹ ਸਰਕਾਰੀ ਖਾਤਿਆਂ ਦਾ ਹਿੱਸਾ ਤਾਂ ਬਣ ਜਾਂਦਾ ਹੈ ਹਾਲਾਂਕਿ, ਡਿਪਾਜ਼ਿਟ ਵਰਕਸ ਲਈ ਪ੍ਰਾਪਤ ਫੰਡਾਂ ਨੂੰ ਖਜ਼ਾਨੇ ਦੀ ਬਜਾਏ ਪੀਡਬਲਯੂ ਡਿਵੀਜ਼ਨਾਂ ਦੁਆਰਾ ਸੰਚਾਲਿਤ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਭਾਰਤੀ ਰਿਜ਼ਰਵ ਬੈਂਕ ਕੋਲ ਰਾਜ ਦੇ ਨਕਦ ਬਕਾਏ ਦਾ ਹਿੱਸਾ ਨਹੀਂ ਬਣਦਾ ਹੈ।

ਰਾਜ ਸਰਕਾਰ ਨੇ ਮਾਰਚ 2015 ਵਿੱਚ, ਪਬਲਿਕ ਵਰਕਸ ਡਿਵੀਜ਼ਨਾਂ ਨੂੰ 8443- ਸਿਵਲ ਡਿਪਾਜ਼ਿਟ 108-ਪੀਡਬਯੂ ਡਿਪਾਜ਼ਿਟ ਦੇ ਤਤਹਿਤ ਖਜ਼ਾਨਾ ਵਿੱਚ ਖੋਲ੍ਹੇ ਜਾਣ ਵਾਲੇ ਖਾਤਿਆਂ ਵਿੱਚ ਫੰਡ ਜਮ੍ਹਾ ਕਰਨ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਉਪਰੋਕਤ ਮਿਤੀ ਦੇ ਹੁਕਮਾਂ ਦੇ ਬਾਵਜੂਦ, ਡਿਵੀਜ਼ਨਲ ਅਧਿਕਾਰੀ ਅਜੇ ਵੀ ਆਪਣੇ ਬੈਂਕ ਖਾਤਿਆਂ ਵਿੱਚ ਫੰਡ ਜਮ੍ਹਾ ਕਰਵਾ ਰਹੇ ਹਨ।31 ਮਾਰਚ 2024 ਤੱਕ, ਪਬਲਿਕ ਵਰਕਸ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ₹ 1,254 ਕਰੋੜ ਦੀ ਰਕਮ ਪਈ ਸੀ। ਜੇਕਰ ਫੰਡ ਖਜ਼ਾਨੇ ਵਿੱਚ ਜਮ੍ਹਾ ਕੀਤੇ ਜਾਂਦੇ ਸਨ, ਤਾਂ ਰਾਜ ਸਰਕਾਰ ਦੇ ਰੋਜ਼ਾਨਾ ਨਕਦ ਬਕਾਏ ਤੇ ਵੀ ਇਸ ਦਾ ਅਸਰ ਪਵੇਗਾ।

6.7 ਰਾਜ ਸਰਕਾਰ ਦੁਆਰਾ ਦਿੱਤੇ ਗਏ ਕਰਜ਼ੇ ਅਤੇ ਅਡਵਾਂਸ :

ਸਾਲ 2023-24 ਦੇ ਅਖੀਰ ਤੱਕ ਰਾਜ ਸਰਕਾਰ ਵੱਲੋਂ ਕੁਲ ਕਰਜ਼ੇ ਅਤੇ ਅਡਵਾਂਸ ₹ 39,045 ਕਰੋੜ ਸੀ। ਸਾਲ 2023-24 ਵਿੱਚ ਰਾਜ ਸਰਕਾਰ ਨੇ ਕੁੱਲ ₹ 196 ਕਰੋੜ ਉਧਾਰ ਅਤੇ ਪੇਸ਼ਗੀਆਂ ਵੱਜੋਂ ਦੀਤੇ। ਰਾਜ ਸਰਕਾਰ ਨੇ ₹ 39 ਕਰੋੜ (ਸਰਕਾਰੀ ਕਰਮਚਾਰਿਆਂ ਦੁਆਰਾ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਵੱਜੋਂ ₹ 24 ਕਰੋੜ ਅਤੇ ਹੋਰ ਬਕਾਇਆ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਦੇ ਰੂਪ ਵਿੱਚ ₹ 15 ਕਰੋੜ ਪ੍ਰਾਪਤ ਕੀਤੇ) ਜੋ ਕਿ 1 ਅਪ੍ਰੈਲ 2024 ਨੂੰ ਕੁੱਲ ਬਕਾਇਆ ਕਰਜ਼ਿਆਂ ਅਤੇ ਅਡਵਾਂਸ (₹ 39,045 ਕਰੋੜ) ਦਾ 0.1 ਫ਼ੀਸਦੀ ਹੈ। ਬਕਾਇਆ ਕਰਜ਼ੇ ਅਤੇ ਅਡਵਾਂਸ ਨੂੰ ਵਾਪਸ ਲੈਣ ਵਾਸਤੇ ਉਠਾਏ ਗਏ ਠੋਸ ਕਦਮ ਸਰਕਾਰ ਦੀ ਵਿੱਤੀ ਸਥਿਤੀ ਸੁਧਾਰਣ ਵਿੱਚ ਮਦਦਗਾਰ ਹੋਣਗੇ।

6.8 ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ :

ਪੰਜਾਬ ਸਰਕਾਰ ਦੇ ਲੇਖੇ ਦੇ ਪ੍ਰਾਪਤੀਆਂ ਅਤੇ ਖਰਚੇ ਦਾ ਸੰਕਲਨ 21 ਜਿਲਾ ਖਜਾਨਾ, 139 ਜਨਤਕ ਵਰਕਸ ਮੰਡਲ (70 ਇਮਾਰਤ ਅਤੇ ਸੜਕ 16 ਪੰਚਾਇਤੀ ਰਾਜ 53 ਜਲ ਸਪਲਾਈ ਅਤੇ ਸੈਨੀਟੇਸ਼ਨ) 54 ਜਲ ਸਰੋਤ ਮੰਡਲ, 38 ਜੰਗਲਾਤ ਮੰਡਲ ਅਤੇ ਰਿਜ਼ਰਵ ਬੈਂਕ ਦੀ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਵਿੱਤੀ ਸਾਲ ਦੋਰਾਨ ਕੋਈ ਵੀ ਲੇਖਾ ਇਕਸਕਲੁਡ ਨਹੀ ਕੀਤਾ ਗਿਆ।

6.9 ਲੇਖਿਆਂ ਦਾ ਮਿਲਾਨ :

ਵਿਭਾਗਾਂ ਦੇ ਮੁਖੀ ਅਤੇ ਮਹਾਲੇ ਖਾਕਾਰ (ਲੇ.ਵ.ਹ.) ਆਂਕੜਾ ਦਾ ਮਿਲਾਨ ਅਤੇ ਰਾਲਤ ਵਰਗੀਕਰਨ ਨੂੰ ਠੀਕ ਕਰਨ ਲਈ ਸਾਝੇ ਤੌਰ ਤੇ ਜ਼ਿੰਮੇਵਾਰ ਹਨ। ਸਾਲ 2023-24 ਦੋਰਾਨ ਕੁਲ ਰਕਮ (ਮਾਲੀਆ ਪ੍ਰਾਪਤੀਆਂ ਮਾਲੀਆ ਖਰਚੇ ਅਤੇ ਪੂੰਜੀਗਤ ਖਰਚੇ) ਦਾ 98.92 ਪ੍ਰਤੀਸ਼ਤ ਮਿਲਣ ਹੋਇਆ।

6.10 ਨੈਸ਼ਨਲ ਪੈਨਸ਼ਨ ਸਿਸਟਮ (NPS) :

01.01.2004 ਤੋਂ ਬਾਅਦ ਭਰਤੀ ਕੀਤੇ ਗਏ ਰਾਜ ਸਰਕਾਰ ਦੇ ਕਰਮਚਾਰੀ ਰਾਸ਼ਟਰੀ ਪੈਨਸ਼ਨ ਪ੍ਰਣਾਲੀ (NPS) ਦੇ ਅਧੀਨ ਆਉਂਦੇ ਹਨ, ਜੋ ਕਿ ਇੱਕ ਪਰਿਭਾਸ਼ਿਤ ਯੋਗਦਾਨ ਪੈਨਸ਼ਨ ਯੋਜਨਾ ਹੈ। ਸਕੀਮ ਦੇ ਰੂਪ ਵਿੱਚ, ਕਰਮਚਾਰੀ ਨੂੰ ਆਪਣੀ ਮਾਸਿਕ ਤਨਖਾਹ ਦਾ 10 ਪ੍ਰਤੀਸ਼ਤ ਅਤੇ ਰਾਜ ਸਰਕਾਰ ਨੂੰ 14 ਪ੍ਰਤੀਸ਼ਤ ਦੀ ਦਰ ਨਾਲ ਯੋਗਦਾਨ ਦੇਣਾ ਹੁੰਦਾ ਹੈ। ਸਾਰੀ ਰਕਮ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਿਟੇਡ (NSDL)/ਟਰੱਸਟੀ ਬੈਂਕ ਰਾਹੀਂ ਮਨੋਨੀਤ ਫੰਡ ਮੈਨੇਜਰ ਨੂੰ ਟ੍ਰਾਂਸਫਰ ਕੀਤੀ ਜਾਣੀ ਹੈ।

ਸਾਲ 2023-24 ਦੌਰਾਨ, NPS ਵਿੱਚ ਕੁੱਲ ਯੋਗਦਾਨ ₹ 3,148 ਕਰੋੜ (ਕਰਮਚਾਰੀਆਂ ਦਾ ਯੋਗਦਾਨ ₹ 1,316 ਕਰੋੜ ਅਤੇ ਸਰਕਾਰ ਦਾ ਯੋਗਦਾਨ ₹ 1,832 ਕਰੋੜ) ਸੀ। ਸਰਕਾਰੀ ਯੋਗਦਾਨ ਬਾਰੇ ਵਿਸਤ੍ਰਿਤ ਜਾਣਕਾਰੀ ਮੇਜਰ ਹੈਡ 2071 ਦੇ ਅਧੀਨ ਵਿੱਤ ਖਾਤਿਆਂ ਦੇ ਸਟੇਟਮੈਂਟ ਨੰਬਰ 15 ਵਿੱਚ ਉਪਲਬਧ ਹੈ। ਸਰਕਾਰ ਨੇ ₹ 3,148 ਕਰੋੜ (ਕਰਮਚਾਰੀਆਂ ਦਾ ਯੋਗਦਾਨ ₹ 1,316 ਕਰੋੜ ਅਤੇ ਸਰਕਾਰ ਦਾ ਯੋਗਦਾਨ ₹ 1,832 ਕਰੋੜ) ਮੇਜਰ ਹੈਡ 8342-117 ਪਰਿਭਾਸ਼ਿਤ ਯੋਗਦਾਨ ਪੈਨਸ਼ਨ ਸਕੀਮ ਦੇ ਅਧੀਨ ਜਨਤਕ ਖਾਤੇ ਵਿੱਚ ਟ੍ਰਾਂਸਫਰ ਕੀਤਾ ਹੈ। । ਵਿਦੇਸ਼ੀ ਸੇਵਾ 'ਤੇ ਕਰਮਚਾਰੀਆਂ ਦੇ ਯੋਗਦਾਨ ਦੇ ਆਧਾਰ 'ਤੇ ਜਨਤਕ ਖਾਤੇ ਵਿੱਚ ₹ 0.03 ਕਰੋੜ ਦੀ ਰਕਮ ਵੀ ਜਮ੍ਹਾਂ ਕੀਤੀ ਗਈ ਸੀ। NPS ਵਿੱਚ ਸਰਕਾਰ ਦਾ ਯੋਗਦਾਨ ₹ 10 ਕਰੋੜ ਘੱਟ ਸੀ, ਜਿਸ ਦੇ ਨਤੀਜੇ ਵਜੋਂ ਮਾਲੀਆ ਖਰਚੇ ਨੂੰ ਇਸ ਹੱਦ ਤੱਕ ਘੱਟ ਦਰਸਾਇਆ ਗਿਆ ਸੀ । ਰਾਜ ਸਰਕਾਰ ਨੇ 18 ਨਵੰਬਰ 2022 ਨੂੰ ਰਾਜ ਦੁਆਰਾ ਪੁਰਾਣੀ ਪੈਨਸ਼ਨ ਸਕੀਮ (OPS) ਨੂੰ ਵਾਪਸ ਕਰਨ ਲਈ ਅਧਿਸੂਚਿਤ ਕੀਤਾ, ਨੋਟੀਫਿਕੇਸ਼ਨ ਦੇ ਅਨੁਸਾਰ ਵਿਸਤ੍ਰਿਤ ਸਕੀਮ ਅਤੇ ਮਿਆਰੀ ਸੰਚਾਲਨ ਪ੍ਰਕਿਰਿਆ ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇਗਾ। ਪੁਰਾਣੀ ਪੈਨਸ਼ਨ ਸਕੀਮ (OPS) ਲਾਗੂ ਹੋਣ ਨਾਲ ਰਾਜ ਸਰਕਾਰ 'ਤੇ ਵਾਧੂ ਵਿੱਤੀ ਪ੍ਰਭਾਵ ਪਵੇਗਾ।

6.11 ਰਾਜ ਮੁਆਵਜਾ ਵਣਨ ਫੰਡ :

ਸੰਸਦ ਨੇ 3 ਅਗਸਤ, 2016 ਨੂੰ ਦੋ ਕੰਪੇਨਸਟਰੀ ਫੋਰੈਸਟ੍ਰੇਨ ਫੰਡ ਐਕਟ, 2016 ਨੂੰ ਲਾਗੂ ਕੀਤਾ ਹੈ। ਇਸ ਐਕਟ ਦੇ ਉਦ੍ਹੇ ਲਈ, ਪੰਜਾਬ ਸਰਕਾਰ ਦੁਆਰਾ ਪਬਲਿਕ ਅਕਾਉਂਟ ਦੇ ਤਹਿਤ ਪੰਜਾਬ ਸਟੇਟ ਕੰਪੇਨਸਟਰੀ ਫੋਰੈਸਟੇਸ਼ਨ ਫੰਡੋਂ ਨਾਮਕ ਵਿਸ਼ੇਸ਼ ਫੰਡ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦਾ ਪ੍ਰਬੰਧਨ ਪੰਜਾਬ ਰਾਜ ਮੁਆਵਜ਼ਾ ਜੰਗਲੀ ਫੰਡ ਪ੍ਰਬੰਧਨ ਅਤੇ ਯੋਜਨਾ ਅਥਾਰਟੀ ਪੰਜਾਬ ਦੁਆਰਾ ਕੀਤਾ ਜਾਣਾ ਹੈ।

ਸਾਲ 2023-24 ਦੇ ਦੌਰਾਨ, ਮੇਜਰ ਹੈਡ 2406 – 04 – 103 – ਰਾਜ ਮੁਆਵਜ਼ਾ ਦੇਣ ਵਾਲੇ ਵਣਜੀਕਰਨ ਦੇ ਖਰਚੇ ਦੀ ਮੇਜਰ ਹੈਡ 8121 – 129 ਦੇ ਅਧੀਨ ਰਾਜ ਮੁਆਵਜ਼ਾ ਦੇਣ ਵਾਲੇ ਵਣਨ ਫੰਡ ਤੋਂ ₹ 117 ਕਰੋੜ ਦੀ ਭਰਪਾਈ ਕੀਤੀ ਗਈ ਹੈ।

ਸਾਲ 2023-24 ਦੌਰਾਨ, ਰਾਜ ਸਰਕਾਰ ਨੇ ਸਾਲ 2021–22 ਲਈ ₹51 ਕਰੋੜ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਕੀਤਾ ਹੈ। ਹਾਲਾਂਕਿ, ਰਾਜ ਸਰਕਾਰ ਨੇ ਫੰਡ ਵਿੱਚ ਸਾਲ 2023-24 ਲਈ ਵਿਆਜ ਜਮ੍ਹਾ ਨਹੀਂ ਕੀਤਾ। ਜਿਸ ਹੱਦ ਤੱਕ, ਮਾਲੀਆ ਖਰਚਿਆਂ ਨੂੰ ਓਵਰਸਟੇਟ ਕਿਤਾ ਗਿਆ ਹੈ।

6.12 ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਲਈ ਸੈਸ :

ਭਾਰਤ ਸਰਕਾਰ ਨੇ ਇਮਾਰਤ ਅਤੇ ਹੋਰ ਉਸਾਰੀ ਕਾਮਿਆਂ ਦੀ ਭਲਾਈ ਲਈ ਸੈਸ ਐਕਟ, 1996 (ਸੈਸ ਐਕਟ) ਰਾਹੀ ਸੈਸ ਲਗਾਉਣ ਲਈ ਅਤੇ ਸੈਸ ਇਕਠਾ ਕਰਕੇ ਕਾਮਿਆਂ ਦੀ ਭਲਾਈ ਲਈ ਖਰਚ ਕਰਨ ਲਈ ਲਾਗੂ ਕਿ। 31 ਮਾਰਚ 2023 ਨੂੰ ਮੁੱਖ ਮਦ 0230 ਹੇਠਾਂ ਨਾ ਤਬਦੀਲ ਕੀਤੀ ਗਈ ਰਕਮ ₹ 28 ਕਰੋੜ ਸੀ। ਸਾਲ 2023-24 ਦੋਰਾਨ ਸਰਕਾਰ ਵਲੋਂ ਮੁੱਖ ਮਦ 0230 ਹੇਠਾਂ ₹10 ਕਰੋੜ ਲੇਬਰ ਸੈਸ ਤੋਂ ਇਕਠਾ ਕੀਤਾ ਗਿਆ ਅਤੇ ਕੋਈ ਵੀ ਰਕਮ ਇਮਾਰਤ ਅਤੇ ਉਸਾਰੀ ਕਾਮਿਆਂ ਦੇ ਭਲਾਈ ਬੋਰਡ ਨੂੰ ਜਮਾ ਨਹੀ ਕਰਵਾਈ ਗਈ। ਇਸ ਤਰਾਂ ਮੁੱਖ ਮਦ 0230 ਹੇਠਾਂ ਨਾ ਜਮਾ ਕਰਵਾਈ ਗਈ ਰਕਮ ₹ 49 ਕਰੋੜ ਸੀ। ਸਾਲ ਦੋਰਾਨ ਗੈਰ ਤਬਦੀਲ ਕੀਤੀ ਗਈ ਰਕਮ ਨੇ ਮਾਲਿਆਂ ਪ੍ਰਾਪਤੀਆਂ ਨੂੰ ਉਵਰਸਟੇਟ ਕੀਤਾ ਹੈ।

6.13 ਰਾਜ ਸਰਕਾਰ ਦੀਆਂ ਬਜਟ ਤੋਂ ਬਾਹਰ ਦੀਆਂ ਦੇਣਦਾਰੀਆਂ :

ਰਾਜ ਸਰਕਾਰ ਨੇ ਆਪਣੇ ਬਜਟ ਦਸਤਾਵੇਜ਼ਾਂ ਸਲਾਨਾ ਵਿੱਤੀ ਸਟੇਟਮੈਂਟਾਂ ਵਿੱਚ ਆਫ-ਬਜਟ ਦੇਣਦਾਰੀਆਂ ਦਾ ਖੁਲਾਸਾ ਨਹੀਂ ਕੀਤਾ। ਔਫ-ਬਜਟ ਉਧਾਰ ਉਨਾ ਹੀ ਸਰਕਾਰ ਦੀ ਦੇਣਦਾਰੀ ਹੈ ਜਿੰਨਾ ਮੂਲ ਰੂਪ ਵਿੱਚ ਅਤੇ ਇਸੋਂ ਤੇ ਵਿਆਜ ਹਮ੍ਹੇਾ ਸਰਕਾਰੀ ਬਜਟ ਦੁਆਰਾ ਜਾਂ ਤਾਂ ਰਾਜ ਦੀ ਇਕਾਈ ਨੂੰ ਸਹਾਇਤਾ ਜਾਂ ਗ੍ਰਾਂਟ ਵਜੋਂ ਦਿੱਤਾ ਜਾਂਦਾ ਹੈ। ਰਾਜ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਅਨੁਸਾਰ, ਜਿਸਦੀ ਆਡਿਟ ਦੁਆਰਾ ਜਾਂਚ ਅਤੇ ਸੋਧ ਕੀਤੀ ਗਈ ਸੀ, 31 ਮਾਰਚ 2024 ਤੱਕ ₹ 2,138 ਕਰੋੜ ਦੇ ਬਜਟ ਤੋਂ ਬਾਹਰ ਦੇ ਉਧਾਰ ਸਨ, ਜਿੱਥੇ ਮੂਲ ਅਤੇ ਵਿਆਜ ਦੀ ਅਦਾਇਗੀ ਰਾਜ ਦੇ ਬਜਟ ਅਤੇਜਾਂ ਅਸਾਈਨਮੈਂਟ ਦੁਆਰਾ ਕੀਤੀ ਜਾਣੀ ਹੈ। ਰਾਜ ਮਾਲੀਆ ਦਾ ਬਜਟ ਤੋਂ ਬਾਹਰ ਉਧਾਰ ਲੈਣ ਤੋਂ ਇਲਾਵਾ, ਸਾਲ ਵਿੱਚ ਲਾਗਤ ਦੀ ਰਿਕਵਰੀ ਨਾ ਹੋਣ ਦੇ ਕਾਰਨ ₹ 18,303 ਕਰੋੜ ਦੀ ਪਾਵਰ ਯੂਟਿਲਿਟੀਜ਼ ਅਪ੍ਰਤੱਖ ਸਬਸਿਡੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਸਨ। ਸਰਕਾਰ ਨੇ ਮੰਗੀ ਗਈ ਗਰੰਟੀ ਦੇ ਡਿਸਚਾਰਜ ਵਿੱਚ ₹1 ਕਰੋੜ ਦਾ ਭੁਗਤਾਨ ਕੀਤਾ।

ਇਹ ਵਿੱਤੀ ਸੰਤੁਲਨ ਨੂੰ ਪ੍ਰਭਾਵਿਤ ਕਰਦੇ ਹਨ। ਰਾਜ ਸਰਕਾਰ ਨੇ ਮਿਤੀ 18 ਨਵੰਬਰ 2022 ਨੂੰ ਰਾਜ ਦੁਆਰਾ ਪੁਰਾਣੀ ਪੈਨਸ਼ਨ ਸਕੀਮ (OPS) ਨੂੰ ਵਾਪਸ ਕਰਨ ਲਈ ਅਧਿਸੂਚਿਤ ਕੀਤਾ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਨੋਟੀਫਿਕੇਸ਼ਨ ਦੇ ਅਨੁਸਾਰ ਵਿਸਤ੍ਰਿਤ ਸਕੀਮ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇਗਾ। OPS ਲਾਗੂ ਹੋਣ ਨਾਲ ਰਾਜ ਸਰਕਾਰੋਂ ਤੇ ਵਾਧੂ ਵਿੱਤੀ ਪ੍ਰਭਾਵ ਪਵੇਗਾ।

© COMPTROLLER AND AUDITOR GENERAL OF INDIA
2024

https://cag.gov.in

https://cag.gov.in/ae/punjab/en